ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥




ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ

# ਖ਼ਾਲਸਾ ਐਡਵੋਕੇਟ

ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ



ਜਿਲਦ : 117 | ਅੰਕ : 99 | ਨਵੰਬਰ 2021 | ਭੇਟਾ - 10/- ਰੁਪੈ

## ਸਿੱਖ ਜਗਤ ਨੇ ਵਿਸ਼ਵ ਭਰ ਵਿਚ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਬੰਦੀ ਛੋੜ ਦਿਵਸ

## ਲੱਖਾਂ ਦੀ ਗਿਣਤੀ ਵਿਚ ਸ੍ਰੀ ਹਰਿਮੰਦਰ ਸਾਹਿਬ ਸੰਗਤਾਂ ਹੋਈਆਂ ਨਤਮਸਤਕ

## ਗੁਰਬਾਣੀ ਕੀਰਤਨ, ਦੀਪਮਾਲਾ, ਆਤਿਸ਼ਬਾਜੀ ਨੇ ਸਿਰਜਿਆ ਅਲੌਕਿਕ ਮਾਹੌਲ

### ਬੰਦੀ ਸਿੱਖ ਨੌਜੁਆਨਾ ਦੀ ਰਿਹਾਈ ਲਈ ਕੌਮੀ ਪੱਧਰ ਤੇ ਦਬਾਅ ਬਣਾਓ - ਸਿੰਘ ਸਾਹਿਬ

### ਬੰਦੀ ਛੋੜ ਦਿਵਸ ਦਾ ਮੁੱਖ ਉਦੇਸ਼ ਮੱਤਭੇਦ ਭੁਲਾਕੇ ਭਾਈਚਾਰਕ ਸਾਂਝ ਬਣਾਉਣਾ ਹੈ। - ਨਿਰਮਲ ਸਿੰਘ

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ ਗਵਾਲੀਅਰ ਦੇ ਕਿਲੇ ਵਿਚੋਂ ਰਿਹਾਅ ਹੋਣ ਸਮੇਂ ਆਪਣੇ ਨਾਲ ਉਨ੍ਹਾਂ 52 ਰਾਜਿਆਂ ਨੂੰ ਵੀ ਰਿਹਾਅ ਕਰਵਾ ਲੈਣ ਉਪਰੰਤ ਸ੍ਰੀ ਅੰਮ੍ਰਿਤਸਰ ਪੁੱਜਣ ਦੀ ਯਾਦ ਵਿਚ ਸਿੱਖ ਜਗਤ ਵੱਲੋਂ ਪਿਛਲੇ 399 ਸਾਲਾ ਤੋਂ ਮਨਾਇਆ ਜਾਂਦਾ ਬੰਦੀਛੋੜ ਦਿਵਸ



ਇਸ ਵਾਰ ਵੀ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। **ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ** ਸਭਿਆਚਾਰਕ ਕਹਾਵਤ ਨੂੰ ਸਨਮੁੱਖ ਕਰਦਿਆਂ ਲੱਖਾਂ ਦੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਪੁੱਜ ਕੇ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕੀਤੇ, ਗੁਰਬਾਣੀ ਕੀਰਤਨ ਦਾ ਰੂਹਾਨੀਅਤ ਅਨੰਦ ਮਾਣਿਆਂ ਅਤੇ ਰਾਤ ਨੂੰ ਹੋਈ ਦੀਪਮਾਲਾ ਦੀ ਰੋਸ਼ਨੀ ਦੀ ਜਗਮਗਾਹਟ ਅਤੇ ਡਿਉੜੀਆਂ ਤੋਂ ਚਲਾਈ ਗਈ ਆਤਸ਼ਬਾਜ਼ੀ ਦੇ ਅਲੌਕਿਕ ਨਜ਼ਾਰੇ ਵੇਖੇ। ਸਿਟੀ ਕੋਤਵਾਲੀ ਤੋਂ ਆਰੰਭ ਹੁੰਦੇ ਵਿਰਾਸਤੀ ਮਾਰਗ ਤੋਂ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਰਸਤਿਆਂ ਦੇ ਆਲੇ-ਦੁਆਲੇ ਦੁਕਾਨਦਾਰਾਂ ਵਲੋਂ ਕੀਤੀ ਗਈ ਸਜਾਵਟ ਅਤੇ ਸੰਗਤਾਂ ਦੀ ਗਹਿਮਾ ਗਹਿਮੀ ਸੰਗਤਾਂ ਦੇ ਮਨਮੋਹ ਰਹੀ ਸੀ।

ਇਸ ਸੁਭਦਿਹਾੜੇ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦਰਸ਼ਨੀ ਡਿਊੜੀ ਤੋਂ ਪਰੰਪਰਾਗਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਸਿੱਖ ਕੌਮ ਦੇ ਨਾਮ ਸੰਦੇਸ਼ ਦਿੰਦਿਆਂ ਬੜੇ ਭਾਵਪੂਰਤ ਸ਼ਬਦਾਂ ਵਿਚ ਕਿਹਾ ਕਿ ਅੱਜ ਦੇ ਇਸ ਮਹਾਨ ਦਿਹਾੜੇ ਤੇ ਸਾਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਸੀ ਕੈਦੀਆਂ ਨੂੰ ਰਿਹਾਅ ਕਰਵਾ ਕੇ ਬਖਸ਼ੇ ਬੰਦੀਛੋੜ ਸਿਧਾਂਤ ਤੋਂ ਸੇਧ ਰਹਿਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਅੱਜ ਸਾਡੇ ਸਿੱਖ ਨੌਜੁਆਨ ਜਿਹੜੇ ਲੰਮੇ ਸਮੇਂ ਤੋਂ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ ਅਤੇ ਅਦਾਲਤਾਂ ਵੱਲੋਂ ਨਿਰਧਾਰਤ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ ਪਰ ਭਾਰਤ ਸਰਕਾਰ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀ। ਸਿੰਘ ਸਾਹਿਬ ਨੇ ਇਹ ਵੀ ਕਿਹਾ ਕਿ ਸਮਾਂ ਆ ਗਿਆ ਹੈ ਕਿ ਹੁਣ ਸਿੱਖ ਕੌਮ ਦੀਆਂ ਕੌਮੀ ਸੰਸਥਾਵਾਂ ਹੁਣ ਸੰਜੀਦਾ ਹੋ ਕੇ ਬੰਦੀ ਸਿੱਖ ਨੌਜੁਆਨਾਂ ਦੀ ਰਿਹਾਈ ਲਈ ਭਾਰਤ ਸਰਕਾਰ ਤੇ ਕੌਮੀ ਪੱਧਰ ਦਾ ਦਬਾਅ ਬਣਾਉਣ। ਉਨ੍ਹਾਂ ਕਿਹਾ ਕਿ ਅੱਜ ਕੁੱਝ ਲੋਕ ਜ਼ਬਰਦਸਤੀ, ਲਾਲਚ ਜਾਂ ਗੁਮਰਾਹ ਕਰਕੇ ਲੋਕਾਂ ਦਾ ਧਰਮ ਪਰਿਵਰਤਨ ਵੀ ਕਰਵਾ







ਰਹੇ ਹਨ ਜਿਸ ਤੋਂ ਕੌਮ ਨੂੰ ਸਾਵਧਾਨ ਹੋਣ ਦੀ ਲੋੜ ਹੈ। ਬੰਦੀਛੋੜ ਦਿਵਸ ਅਤੇ ਦੀਵਾਲੀ ਦੀਆਂ ਸਮੁੱਚੀ ਮਾਨਵਤਾ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਸਿੱਖੀ ਸਿੱਖਿਆਂ' ਦੇ ਖੇਤਰ ਵਿਚ ਸਿੱਖ ਪੰਥ ਦੀ ਸਿਰਮੌਰ ਪ੍ਰਾਚੀਨ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਅਤੇ ਸਮੂਹ ਅਹੁਦੇਦਾਰਾਂ ਨੇ ਆਪਣੇ ਸੰਦੇਸ਼ ਵਿਚ ਆਖਿਆ ਕਿ ਜਿਸ ਤਰ੍ਹਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਮਾਨਵਤਾ ਦੇ ਨਾਤੇ ਆਪਣੇ ਨਾਲ ਹੀ 52 ਰਾਜਸੀ ਕੈਦੀ ਰਿਹਾਅ ਕਰਵਾਏ ਸਨ ਉਸ ਸਿਧਾਂਤ ਤੇ ਸਾਨੂੰ ਸਭ ਨੂੰ ਅਮਲ ਕਰਦਿਆਂ ਹਰ ਪ੍ਰਕਾਰ ਦੇ ਮਤਭੇਦ ਭੁਲਾ ਕੇ ਆਪਸੀ ਪ੍ਰੇਮ-ਪਿਆਰ ਦੀਆਂ ਗੰਢਾਂ ਪੀਡੀਆਂ ਕਰਦਿਆਂ ਇਕ ਦੂਜੇ ਦੇ ਦੁੱਖ-ਸੁੱਖ ਵੰਡਾਉਣ ਵਾਲੀ ਭਾਈਚਾਰਕ ਸਾਂਝ ਮਜ਼ਬੂਤ ਕਰਨੀ ਚਾਹੀਦੀ ਹੈ।

ਇਸ ਅਵਸਰ ਤੇ ਦੀਵਾਨ ਦੇ ਸਮੁੱਚੇ ਸਟਾਫ ਵੱਲੋਂ ਚੀਫ਼ ਖ਼ਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸੰਗਤੀ ਰੂਪ ਵਿਚ ਸ੍ਰੀ ਜਪੁਜੀ ਸਾਹਿਬ ਅਤੇ ਸ੍ਰੀ ਅਨੰਦ ਸਾਹਿਬ ਜੀ ਦੇ ਪਾਠ ਕਰਨ ਉਪਰੰਤ ਚੀਫ਼ ਖ਼ਾਲਸਾ ਦੀਵਾਨ ਦੀ ਚੜ੍ਹਦੀ ਕਲਾਂ ਲਈ ਅਰਦਾਸ ਕੀਤੀ ਗਈ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਧੰਨ-ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬੰਦੀਛੋੜ ਦਿਵਸ ਤੇ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ'ਚੋ ਰਿਹਾਈ ਸੰਬੰਧੀ ਸਿੱਖ ਪੰਥ ਦੇ ਗੌਰਵਮਈ ਇਤਿਹਾਸ ਤੇ ਚਾਨਣਾ ਪਾਇਆ। ਉਹਨਾਂ ਸਮੂਹ ਸੰਗਤਾਂ ਅਤੇ ਸਟਾਫ ਨੂੰ ਬੰਦੀਛੋੜ ਦਿਵਸ ਮੌਕੇ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਅਮਲ ਵਿਚ ਲਿਆਉਣ ਦਾ ਸੰਕਲਪ ਲੈਣ ਅਤੇ ਤਿਉਹਾਰ ਦਾ ਸਬਰ, ਧੀਰਜ ਅਤੇ ਸੰਜਮ ਨਾਲ ਆਨੰਦ ਲੈਣ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਇਸ ਤਿਉਹਾਰ ਨੂੰ ਦੀਵਿਆਂ ਦੀ ਰੌਸ਼ਨੀ ਨਾਲ ਹੀ ਮਨਾਉਣ ਦੀ ਪ੍ਰੇਰਨਾ ਕੀਤੀ ਅਤੇ ਅਪੀਲ ਕੀਤੀ ਕਿ ਉਹ ਘਾਤਕ ਪ੍ਰਦੂਸ਼ਿਤ ਪਟਾਖਿਆਂ ਦੇ ਸ਼ੋਰ ਨਾਲ ਜਾਨਲੇਵਾ ਹਵਾ ਨੂੰ ਪ੍ਰਦੂਸ਼ਨ ਕਰਕੇ ਹੋ ਰਹੀਆਂ ਬੀਮਾਰੀਆਂ ਤੋਂ ਸੁਰਖਿਅਤ ਰਹਿਣ ਲਈ ਪ੍ਰੇਰਿਤ ਕਰਨ।



ਅੰਤ ਚੀਫ਼ ਖ਼ਾਲਸਾ ਦੀਵਾਨ ਵਲੋਂ ਸਮੂਹ ਸਟਾਫ ਨੂੰ ਬੰਦੀਛੋੜ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਤੋਹਫ਼ੇ ਦਿੱਤੇ। ਇਸ ਮੌਕੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ.ਅਜੀਤ ਸਿੰਘ ਬਸਰਾ ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਡਾ.ਸਾਬਰ, ਅੰਡਰ ਸਕੈਟਰੀ ਸ੍ਰ.ਹਰਭਜਨ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸੀ।



# ਸੰਪਾਦਕੀ

## ਬੰਦੀ ਛੋੜ ਦਿਵਸ : ਦਾ ਮੁੱਖ ਉਦੇਸ਼ ਸਮਝਣ ਤੇ ਅਪਨਾਉਣ ਦੀ ਲੋੜ

ਭਾਰਤ ਵਿਚ ਮਿਠੇ ਮੌਸਮ ਦੀ ਆਰੰਭਤਾ ਹੋਣ ਕਾਰਨ, ਮਸਿਆ ਦੀ ਹਨੇਰੀ ਰਾਤ ਨੂੰ, ਚਾਨਣ ਵਿਚ ਤਬਦੀਲ ਕਰਨ ਦੀ ਪਰੰਪਰਾ, ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਹੈ। ਆਯੁਧਿਆ ਦੇ ਰਾਜਾ ਸ੍ਰੀ ਰਾਮ ਚੰਦਰ ਜੀ ਨੇ 14 ਸਾਲ ਦਾ ਬਨਵਾਸ ਕਟ ਕੇ ਆਪਣੇ ਭਰਾਤਾ ਸ੍ਰੀ ਲਛਮਣ ਜੀ ਅਤੇ ਪਤਨੀ ਸੀਤਾ ਜੀ ਆਦਿ ਨਾਲ ਜਿਸ ਸਮੇਂ ਅਯੁਧਿਆ ਨਗਰੀ ਵਿਚ ਪ੍ਰਵੇਸ਼ ਕੀਤਾ ਤਾਂ ਸਬਬੀਂ ਉਸ ਦਿਨ ਅਮਾਵਸ ਦਾ ਦਿਨ ਸੀ ਜਿਸ ਕਰਕੇ ਨਗਰਵਾਸੀਆਂ ਨੇ ਜਿਥੇ ਹਨੇਰੀ ਮਸਿਆ ਨੂੰ ਦੀਵਿਆਂ ਦੀ ਰੌਸ਼ਨੀ ਨਾਲ ਰੋਸ਼ਨਾਇਆ ਉਥੇ ਵਿਭਿੰਨ ਵਸੀਲਿਆਂ ਨਾਲ ਖੁਸ਼ੀਆਂ ਮਨਾਈਆਂ। ਸ੍ਰੀ ਰਾਮ ਚੰਦਰ ਜੀ ਜਿਥੇ ਰਾਜਭਾਗ ਦੇ ਮਾਲਕ ਸਨ ਓਥੇ ਉਹ ਸਮਕਾਲ ਦੇ ਲੋਕ-ਮਨਾਂ ਦੇ ਰਾਜਾ ਵੀ ਸਨ ਜਿਸ ਕਰਕੇ ਹਿੰਦੂ-ਜੱਗਤ ਵਿਚ ਅਮਾਵਸ ਦਾ ਇਹ ਦਿਨ ਦੀਵਾਲੀ ਦੇ ਤਿਉਹਾਰ ਦਾ ਰੂਪ ਧਾਰਨ ਕਰ ਗਿਆ।

ਸਿੱਖ ਜੱਗਤ ਵਿਚ ਵੀ ਅਮਾਵਸ ਦੀ ਰਾਤ ਨੂੰ ਰੋਸ਼ਨਾਉਣ ਵਾਲਾ ਦੀਵਾਲੀ ਦਾ ਇਹ ਤਿਉਹਾਰ "ਬੰਦੀ ਛੋੜ ਦਿਵਸ" ਵਜੋਂ ਇਸ ਕਰਕੇ ਪ੍ਰਚਲਤ ਹੋਇਆ ਕਿਉਂਕਿ ਜਿਸ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 52 ਰਾਜਸੀ ਕੈਦੀਆਂ ਨੂੰ ਵੀ ਰਿਹਾਅ ਕਰਵਾਉਣ ਉਪਰੰਤ ਸ੍ਰੀ ਅੰਮ੍ਰਿਤਸਰ ਦੀ ਧਰਤ ਸੁਹਾਵੀ ਪੁਜੇ ਤਾਂ ਸਬਬੀਂ ਉਸ ਦਿਨ ਵੀ ਅਮਾਵਸ ਦਾ ਦਿਨ ਸੀ। ਸਿੱਖ ਸੰਗਤਾਂ ਨੇ ਵੀ ਆਪਣੇ ਸਤਿਕਾਰਤ ਗੁਰੂ ਜੀ ਦੀ ਆਮਦ ਦੇ ਸਨਮੁੱਖ ਖੁਸ਼ੀ ਵਿਚ ਖੀਵੇ ਹੁੰਦਿਆਂ ਸਮੁਚੇ ਵਾਯੂ ਮੰਡਲ ਨੂੰ ਰੋਸ਼ਨੀਆਂ ਨਾਲ ਜੱਗਮਗਾ ਦਿੱਤਾ। ਛੇਵੇਂ ਪਾਤਸ਼ਾਹ ਵਲੋਂ ਉਨ੍ਹਾਂ 52 ਰਾਜਸੀ ਕੈਦੀਆਂ ਨੂੰ ਰਿਹਾਅ ਕਰਾਉਣਾ ਜਿਨ੍ਹਾਂ ਨਾਲ ਗੁਰੂ ਸਾਹਿਬ ਦੀ ਨਾਂ ਤਾਂ ਕੋਈ ਪਰਿਵਾਰਕ, ਧਾਰਮਿਕ, ਭਾਈਚਾਰਕ, ਸਭਿਆਚਾਰਕ, ਖੇਤਰੀ ਜਾਂ ਭਾਸ਼ਾਈ ਸਾਂਝ ਸੀ ਬਲਕਿ ਉਹ ਵਿਭਿੰਨ ਖੇਤਰਾਂ ਦੇ ਪਿਛੋਕੜ ਵਾਲੇ ਸਨ। ਪਰ ਫੇਰ ਵੀ ਗੁਰੂ ਸਾਹਿਬ ਨੇ ਉਹਨਾਂ ਦੀ ਦੁਖ ਭਰੀ ਪੀੜ ਨੂੰ ਮਹਿਸੂਸ ਕੀਤਾ ਅਤੇ ਬਾਦਸ਼ਾਹ ਜਹਾਂਗੀਰ ਨੂੰ ਆਪਣੇ ਨਾਲ ਉਨ੍ਹਾਂ 52 ਰਾਜਿਆਂ ਨੂੰ ਵੀ ਰਿਹਾਅ ਕਰਨ ਦੀ ਸ਼ਰਤ ਰਖ ਦਿਤੀ ਜੋ ਗੁਰੂ ਸਾਹਿਬ ਦਾ ਪਲਾ ਫੜਕੇ ਰਿਹਾਅ ਹੋਏ। ਇਸ ਪਰਉਪਕਾਰੀ ਭਾਵਨਾ ਦੇ ਫਲਸਰੂਪ ਹੀ ਛੇਵੇਂ ਪਾਤਸ਼ਾਹ "ਬੰਦੀ ਛੋੜ ਦਾਤਾ" ਆਖੇ ਜਾਣ ਲਗੇ ਅਤੇ ਉਹਨਾਂ ਦੀ ਅੰਮ੍ਰਿਤਸਰ ਆਮਦ ਸਬਬੀ ਦੀਵਾਲੀ ਦੀ ਅਮਾਵਸ ਵਾਲੇ ਦਿਨ ਹੋਣ ਕਾਰਨ ਸਿੱਖ ਜੱਗਤ ਵਿਚ ਇਹ ਦਿਨ "ਬੰਦੀ ਛੋੜ ਦਿਵਸ" ਵਜੋਂ ਪ੍ਰਚਲਤ ਹੋ ਗਿਆ। ਆਤਸ਼ਬਾਜੀਆਂ ਚਲਾ ਕੇ ਵਾਤਾਵਰਣ ਪ੍ਰਦੂਸ਼ਤ ਕਰਨਾ, ਮਹਿੰਗੇ ਮਹਿੰਗੇ ਤੋਹਫੇ ਤੇ ਮਿਲਾਵਟੀ ਮਠਿਆਈਆਂ ਲੈਣੀਆਂ ਤੇ ਦੇਣੀਆਂ ਆਦਿ ਦਾ "ਬੰਦੀ ਛੋੜ ਦਿਵਸ" ਨਾਲ ਕੋਈ ਲੈਣਾ ਦੇਣਾ ਨਹੀਂ। ਕਿਉਂਕਿ "ਬੰਦੀ ਛੋੜ ਦਿਵਸ" ਇਕ ਸਿਧਾਂਤ ਹੈ ਜਿਸ ਦਾ ਮੁਖ ਉਦੇਸ਼ ਇਕ ਦੂਜੇ ਦੇ ਦੁੱਖ ਦਰਦ ਨੂੰ ਸਮਝਣਾ ਤੇ ਸੁਲਝਾਉਣਾ ਹੈ। ਅੱਜ ਹਜ਼ਾਰਾਂ ਦੀ ਗਿਣਤੀ ਵਿਚ ਬੇਕਸੂਰ ਸਿੱਖ ਅਤੇ ਗੈਰ ਸਿੱਖ ਇਨਸਾਨਾਂ ਨੂੰ ਸੌੜੀ ਸੋਚਣੀ ਤੇ ਨਫ਼ਰਤ ਦੀ ਅੱਗ ਕਾਰਨ ਜੇਲਾਂ ਵਿਚ ਕੈਦ ਕੀਤਾ ਹੋਇਆ ਹੈ, ਅਸੀ ਫੀ ਸਦੀ ਦੇ ਕਰੀਬ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ, ਲਕ ਤੋੜ ਮਹਿੰਗਾਈ ਨੇ ਅਤੇ ਕੁਰਪਸ਼ਨ ਤੇ ਰਿਸ਼ਵਤਖੋਰੀ ਨੇ ਆਮ ਜਨਤਾ ਦਾ ਨਕ ਵਿਚ ਦਮ ਕੀਤਾ ਹੋਇਆ ਹੈ, ਦੇਸ਼ ਦਾ ਅੰਨ ਦਾਤਾ ਘਰਬਾਰ ਛੱਡ ਕੇ ਨੀਲੇ ਅਕਾਸ਼ ਦੀ ਛੱਤ ਹੇਠ ਸਾਲ ਭਰ ਤੋਂ ਬੈਠਾ ਹੈ, ਸੈਕੜੇ ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਸਰਕਾਰੀ ਹਾਕਮ ਹੰਕਾਰ ਗ੍ਰਸਤ ਅੜੀ ਕਰੀ ਬੈਠੇ ਹਨ ਇਸ ਦੇ ਬਾਵਜੂਦ ਧਨ ਕੁਬੇਰ ਵੱਧ-ਫੁੱਲ ਰਹੇ ਹਨ ਇਸ ਲਈ ਅੱਜ ਦੇ ਦਿਨ ਸਭ ਨੂੰ ਬੇਰੁਜ਼ਗਾਰੀ, ਭੁਖਮਰੀ, ਬੀਮਾਰੀ ਆਦਿ ਦੇ ਅਜ਼ਗਰ ਤੋਂ ਨਿਜਾਤ ਦੁਆਉਣ ਵਾਲੀ ਭਾਵਨਾ ਪੈਦਾ ਕਰਨ ਨਾਲ ਹੀ "ਬੰਦੀ ਛੋੜ ਦਿਵਸ" ਦਿਵਸ ਦੇ ਮੁੱਖ ਉਦੇਸ਼ ਨੂੰ ਸਾਰਥਿਕ ਬਣਾਇਆ ਜਾ ਸਕਦਾ ਹੈ।

**ਡਾ. ਜਸਬੀਰ ਸਿੰਘ ਸਾਬਰ**
ਮੁੱਖ ਸੰਪਾਦਕ


ਸਰਪ੍ਰਸਤ : ਸ. ਨਿਰਮਲ ਸਿੰਘ, ਪ੍ਰਧਾਨ ਚੀਫ ਖਾਲਸਾ ਦੀਵਾਨ
ਸ. ਤਰਲੋਚਨ ਸਿੰਘ, ਸਾਬਕਾ ਚੇਅਰਮੈਨ ਘਟ ਗਿਣਤੀ ਕਮਿਸ਼ਨ ਭਾਰਤ ਸਰਕਾਰ

ਸੰਪਾਦਕ : ਡਾ. ਜਸਬੀਰ ਸਿੰਘ ਸਾਬਰ
9888460180

ਸਲਾਹਕਾਰ :
ਸ. ਸਵਿੰਦਰ ਸਿੰਘ ਕੱਥੂਨੰਗਲ, ਪ੍ਰੋ. ਵਰਿਆਮ ਸਿੰਘ,
ਬੀਬੀ ਕਿਰਨਜੋਤ ਕੌਰ, ਸ. ਸੰਤੋਖ ਸਿੰਘ ਸੇਠੀ, ਸ. ਭਗਵੰਤਪਾਲ ਸਿੰਘ ਸੱਚਰ,
ਸ. ਸੁਖਜਿੰਦਰ ਸਿੰਘ ਪ੍ਰਿੰਸ, ਡਾ. ਧਰਮਵੀਰ ਸਿੰਘ।

*ਪ੍ਰਕਾਸ਼ਕ*
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com


## ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

# ਜਯ ਗੁਰ ਨਾਨਕ !

ਟੇਕ-
ਜਯ ਗੁਰ ਨਾਨਕ, ਜਯ ਗੁਰ ਨਾਨਕ, ਜਯ ਤੈਨੂੰ।
ਜਯ ਹੋ, ਜਯ ਹੋ, ਜਯ ਤੈਨੂੰ।
ਜਯ ਦੁਖ ਹਰਨੈਂ, ਜਯ ਸੁਖ ਕਰਨੈਂ, ਬੰਧਨ ਹਰਨੈਂ ਜਯ ਤੈਨੂੰ!
ਹਰੇ ਕਰੇਨੈਂ, ਸੁੱਕੇ ਕਾਠਾਂ, ਸਖਣੇ ਭਰਨੈਂ, ਜਯ ਤੈਨੂੰ!
ਜਯ ਗੁਰ ਨਾਨਕ...1.
ਜਗਤ ਜਲੰਦੇ ਨੂੰ ਤੂੰ ਰਖਿਆ, ਰੱਖੀ ਰੁੜ੍ਹਦੀ ਜਾਂਦੀ ਤੂੰ,
ਘਰ ਘਰ ਦਰ ਦਰ ਫਿਰ ਫਿਰ ਰਖਿਆ ਅਪਣੇ ਕੀਤੇ ਪਾਂਦੀ ਨੂੰ।
ਜਯ ਗੁਰ ਨਾਨਕ...2.
ਦੁਸਟ ਉਬਾਰੇ, ਕੁਸ਼ਟੀ ਤਾਰੇ, ਰਾਖਸ਼ ਬੀ ਨਿਸਤਾਰੇ ਤੂੰ,
ਗਰਤ ਘੋਰ ਅੰਧ ਤੋਂ ਕੱਢੇ ਪਾਪੀ ਭਾਰੇ ਭਾਰੇ ਤੂੰ!
ਜਯ ਗੁਰ ਨਾਨਕ...3.
ਜਯਤਿ ਜਯਤਿ ਗੁਰ ਨਾਨਕ ਤੈਨੂੰ, ਸੰਤ ਫ਼ਕੀਰ ਉਧਾਰੇ ਤੂੰ,
ਅਟਕੇ ਖਲੇ ਰਸਤਿਆਂ ਉਤੇ ਮਜ਼ਲ ਪੁਚਾਏ ਸਾਰੇ ਤੂੰ!
ਜਯ ਗੁਰ ਨਾਨਕ...4.
ਨਦੀ ਚੜ੍ਹੀ ਚੜ੍ਹ ਤਾਰੂ ਹੋਈ, ਤੱਕਾਂ, ਕੂਕ ਪੁਕਾਰਾਂ-'ਤੂੰ'
ਸ਼ੂਕੇ ਨਦੀ, ਕੂਕ ਨੂੰ ਡੋਬੇ, ਤਾਂ ਬੀ ਵਾਜਾਂ ਮਾਰਾਂ-'ਤੂੰ'
ਜਯ ਗੁਰ ਨਾਨਕ...5.
ਮੇਰੀ ਕੂਕ ਸੁਣੀਂ ਗੁਰ ਨਾਨਕ! ਸ਼ਹਸ ਸ਼੍ਰਵਣ ਦਾ ਧਾਰੀ ਤੂੰ,
'ਨਾਥ ਅਨਾਥਾਂ ਬਾਣ ਧੁਰਾਂ ਦੀ', ਇਹ ਅਨਾਥ ਬੀ ਤਾਰੀ ਤੂੰ!
ਜਯ ਗੁਰ ਨਾਨਕ...6.
ਆਪੇ ਤ੍ਰੁਠਣ ਵਾਲਿਆ ਸਾਈਆਂ! ਆ ਕੇ ਅੱਜ ਅਚਾਨਕ ਤੂੰ,
ਚਰਨ ਸ਼ਰਨ ਵਿਚ ਲੈ ਲੈ ਮੈਨੂੰ, ਸ਼ਰਨਪਾਲ ਗੁਰ ਨਾਨਕ ਤੂੰ!
ਜਯ ਗੁਰ ਨਾਨਕ...7.





## ਭਾਈ ਵੀਰ ਸਿੰਘ ਜੀ ਦੀ ਕਲਮ ਤੋਂ ਬੰਦੀ ਛੋੜ ਦਿਵਸ ਤੇ ਵਿਸ਼ੇਸ਼ ਲੇਖ ............

# ਬੰਦੀ-ਛੋੜ ਦਾਤੇ ਦੀ ਰਾਮਦਾਸਪੁਰੇ ਆਮਦ

ਅੰਮ੍ਰਿਤਸਰ ਅਜ ਤਾਂ ਇਕ ਘੁੱਘ ਵਸਦਾ ਭਾਰਾ ਸ਼ਹਿਰ ਹੈ, ਪਰ ਕਦੇ ਇਹ ਇਕ ਚੱਕ ਹੁੰਦਾ ਸੀ। ਜਿਸ ਸਮੇਂ ਦਾ ਅਸੀਂ ਹਾਲ ਲਿਖ ਰਹੇ ਹਾਂ ਉਸ ਤੋਂ ਪਹਿਲਾਂ ਇਸ ਨੂੰ ਵਸਦੀ ਸਘਨ ਅਪਾਰ' ਦਾ ਵਰ ਮਿਲ ਚੁੱਕਾ ਸੀ ਅਰ ਇਹ ਚੱਕ ਤੋਂ ਇਕ ਛੋਟੀ ਨਗਰੀ ਬਣ ਚੁੱਕਾ ਸੀ। ਵਪਾਰ ਦੀ ਇੱਥੇ ਰੌਣਕ ਹੋ ਗਈ ਸੀ। ਕਿਰਤ ਕਾਰ ਵੀ ਮਿਲਦਾ ਸੀ ਅਤੇ ਦੂਰ ਦੂਰ ਤੋਂ ਆਇਆਂ ਨੂੰ ਰੁਜ਼ਗਾਰ ਬੀ ਲੱਭਦਾ ਸੀ। ਇੱਥੇ ਵਸੋਂ ਜਿੰਨੀ ਕੁ ਸੀ ਰੌਣਕ ਵਾਲੀ ਸੀ। ਇਕ ਗੱਲ ਓਦੋਂ ਸੀ ਜੋ ਅੱਜ ਘੱਟ ਹੈ ਕਿ ਹਰੇਕ ਵਾਸੀ ਨੂੰ ਵੱਸਣ ਦੀ ਜਾਚ ਸੀ। ਉਹ ਜਾਚ ਕੀਹ ਹੁੰਦੀ ਹੈ? ਹਰੇਕ ਨੂੰ ਆਪਣੇ ਪਿਆਰੇ ਪਿਤਾ ਦੀ ਵੰਸ਼ ਜਾਣਕੇ ਪਿਆਰ ਕਰਨਾ। ਆਪਣੇ ਹੱਕ ਲਹੀ ਤਾਂ ਸਭ ਕੋਈ ਜ਼ੋਰ ਮਾਰਦਾ ਹੈ, ਪਰ ਦੂਸਰੇ ਦੇ ਹੱਕ ਦੀ ਪਰਵਾਹ ਕਰਨੀ ਕਿਸੇ ਵਿਚ ਹੀ ਹੁੰਦੀ ਹੈ ਅਰ ਉਹ ਕਿਸੇ ਕੋਣ ਹੁੰਦੇ ਹਨ? ਓਹ ਜਿਨ੍ਹਾਂ ਨੂੰ ਪਰਮੇਸ਼ਰ ਦਾ ਪਿਆਰ ਹੁੰਦਾ ਹੈ ਤੇ ਜੋ ਸੰਸਾਰ ਵਿਚ ਜਨਮ ਲੈ ਕੇ ਮਨੁੱਖ ਵਾਂਙੂ ਜੀਉਣਾ, ਮਨੁੱਖਤਾਈ ਨੂੰ ਸਮਝਣਾ ਤੇ ਪੂਰਨ ਮਨੁੱਖ ਬਣ ਕੇ ਪਰਮੇਸ਼ਰ ਦੀ ਪੂਰਨਤਾਈ ਵਿਚ ਜਾਣ ਦਾ ਚਾਉ ਰਖਦੇ ਹਨ। ਓਹ ਹਰ ਹਿਰਦੇ ਨੂੰ ਆਪਣੇ ਵਰਗਾ ਜਾਣਦੇ ਹਨ। ਜਿਕੂੰ ਆਪਣੇ ਹਿਰਦੇ ਨੂੰ ਸਟ ਲੱਗਣੀ ਬੁਰੀ ਜਾਣਦੇ ਹਨ, ਉੱਕਰ ਕਿਸੇ ਹਿਰਦੇ ਨੂੰ ਸੱਟ ਲਾਉਣੀ ਬੀ ਬੁਰੀ ਜਾਣਦੇ ਹਨ। ਜਿਸ ਤਰ੍ਹਾਂ ਆਪਣੇ ਹਿਰਦੇ ਲਈ ਸੁੱਖ ਦੇ ਚਾਹਵਾਨ ਹੁੰਦੇ ਹਨ, ਇਸੇ ਤਰ੍ਹਾਂ ਦੂਜਿਆਂ ਹਿਰਦਿਆਂ ਨੂੰ ਬੀ ਸੁੱਖ ਦੇਣ ਦੇ ਚਾਹਵਾਨ ਹੁੰਦੇ ਹਨ। ਉਹ ਜੀਉਣਾ ਇਸ ਤਰ੍ਹਾਂ ਦੇ ਭਲੇ ਜੀਵਨ ਨੂੰ ਸਮਝਦੇ ਹਨ।

(ਮੁਗਲ ਬਾਦਸ਼ਾਹ ਜਹਾਂਗੀਰ ਵੱਲੋਂ ਗਵਾਲੀਅਰ ਦੇ ਕਿਲੇ ਵਿਚ ਕੈਦ ਕੀਤੇ ਗਏ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਿਲੇ ਵਿਚ ਪਹਿਲਾਂ ਤੋਂ ਕੈਦ 52 ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਾਉਣ ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਪੁਜੇ ਤਾਂ ਗੁਰੂ ਸਾਹਿਬ ਜੀ ਦੀ ਇਸ ਆਮਦ ਦਾ ਨਜ਼ਾਰਾ ਪੰਜਾਬੀ ਸਾਹਿੱਤ ਦੇ ਪਿਤਾਮਾ ਭਾਈ ਵੀਰ ਸਿੰਘ ਜੀ ਨੇ ਆਪਣੀ ਅਨੋਖੀ ਰੂਹਾਨੀਅਤ ਰੰਗਤ ਵਿਚ ਵਰਨਣ ਕੀਤਾ ਹੈ ਜੋ ਅਸੀਂ ਪਾਠਕਾਂ ਦੇ ਗਿਆਤ ਹਿੱਤ ਪ੍ਰਸਤੁਤ ਕਰਨ ਦੀ ਖੁਸ਼ੀ ਲੈ ਰਹੇ ਹਾਂ-ਸੰਪਾਦਕ)

ਸਮੇਂ ਦੇ ਫੇਰ ਨੇ ਸਾਡੇ ਵਿਚ ਐਸੇ ਜੀਵਨ, ਜੋ ਸਤਿਗੁਰਾਂ ਨੇ ਪੈਦਾ ਕੀਤੇ ਸੇ ਘਟਾ ਦਿਤੇ ਹਨ। ਅੱਜ ਸਿੱਟਾ ਕੀ ਨਿਕਲ ਰਿਹਾ ਹੈ ਕਿ ਸਭ ਕੋਈ ਆਖਦਾ ਹੈ: ਸਿਖ ਗਿਰ ਰਹੇ ਹਨ। ਗਿਰਨਾ ਇਹੋ ਹੈ ਕਿ ਉੱਚੇ ਭਾਵਾਂ ਵਾਲਿਆ ਦੀ ਗਿਣਤੀ ਥੱਲੇ ਜਾ ਲੱਗੀ ਹੈ ਤੇ ਹਰ ਦਿਨ ਘਟ ਰਹੀ ਹੈ।

ਹਾਂ ਅੱਜ ਅਸੀਂ ਇਸ ਥਾਉਂ (ਅੰਮ੍ਰਿਤਸਰ ਦੇ ਸਾਫ ਦਿਲ ਲੋਕਾਂ ਵਿਚ) ਇਕ ਅਚਰਜ ਖੁਸ਼ੀ ਦੇਖ ਰਹੇ ਹਾਂ। ਗਰੀਬ, ਪਰ ਖੁਸ਼ ਦਿਲ ਮਾਲਣਾਂ ਫੁੱਲਾਂ ਦੀਆਂ ਟੋਕਰੀਆਂ ਗਲੀ ਗਲੀ ਲਈ ਫਿਰ ਰਹੀਆਂ ਹਨ। ਖਿੜੇ ਮੱਥੇ ਵਾਲੀਆ ਅੰਦਰੋਂ ਬਾਹਰੋਂ ਸੁਥਰੀਆਂ ਤੇ ਸੁਥਰੇ ਘਰਾਂ ਵਾਲੀਆਂ ਦਾਣੇ ਦੇ ਦੇ ਕੇ ਫੁੱਲ ਲੈ ਰਹੀਆਂ ਹਨ। ਕੋਈ ਸਿਹਰੇ ਤੇ ਮਾਲਾ ਗੁੰਦ ਰਹੀ ਹੈ, ਕੋਈ ਸਰੀਆਂ ਪ੍ਰੋ. ਰਹੀ ਹੈ, ਕੋਈ ਡੰਡੀਆਂ ਤੋੜਕੇ ਨਿਰੀਆਂ ਪੰਖੜੀਆਂ ਦੀ ਝੋਲੀ ਭਰ ਰਹੀ ਹੈ। ਮਨੁੱਖਾਂ ਵੱਲ ਦੇਖੋ ਆਪਣੀਆਂ ਹੱਟਾਂ ਨੂੰ ਸਜਾ ਰਹੇ ਹਨ, ਬਜ਼ਾਰ ਵਿਚ ਛਿਣਕਾਉ ਹੋ ਰਹੇ ਹਨ। ਖੁਸ਼ੀ ਦੇ ਭਰੇ ਐਧਰ ਓਧਰ ਦੌੜੇ ਫਿਰਦੇ ਹਨ। ਲਾਗਲੇ ਪਿੰਡਾਂ ਤੋਂ ਬੀ ਲੋਕੀਂ ਚਾਉ ਭਰੇ ਨਗਰੀ ਵਿਚ ਆ ਰਹੇ ਹਨ।

ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਬੀ ਬੜੀ ਰੌਣਕ ਹੈ, ਮੇਲੇ ਦੀ ਨਹੀਂ, ਪਰ ਸੰਗਤਾਂ ਦੀ, ਜੋ ਕੀਰਤਨ ਤੇ ਸ਼ਬਦਾਂ ਦੇ ਉਚਾਰ ਵਿਚ ਮਗਨ ਹਨ। ਅੱਜ ਕੀ ਹੈ? ਕੋਈ ਰਾਜਾ ਆ ਰਿਹਾ ਹੈ? ਨਹੀਂ ਨਹੀਂ, ਤ੍ਰਿਲੋਕੀ ਦੇ ਨਾਥ ਆ ਰਹੇ ਹਨ। ਕੇਦਖਾਨੇ ਰਚਕੇ ਸਿਪਾਹੀਆਂ ਦੇ ਦਾਬੇ ਨਾਲ ਲੋਕਾਂ ਨੂੰ ਬੰਦੀ ਵਿਚ ਪਾਉਣ ਵਾਲੇ ਜ਼ੋਰ ਧੱਕੇ ਨਾਲ ਬਣੇ ਨਾਥ ਆ ਰਹੇ ਹਨ? ਨਹੀਂ ਬੰਦੀ ਛੋੜ ਨਾਥ ਆ ਰਹੇ ਹਨ, ਕੈਦਖਾਨਿਆਂ ਵਿਚੋਂ ਕੱਢਣ ਵਾਲੇ, ਪ੍ਰੇਮ ਦਾ ਰਾਜ ਫੈਲਾਉਣ ਵਾਲੇ, ਲੋਕਾਂ ਦੀ ਹੁੱਬ ਨਾਲ ਪਯਾਰੇ ਗਏ, ਅਨਾਥਾਂ ਦੀ ਪ੍ਰਤਿਪਾਲਾ ਕਰਨ ਵਾਲੇ ਨਾਥ ਆ ਰਹੇ ਹਨ। ਓਹ ਪਾਤਸ਼ਾਹ ਆ ਰਹੇ ਹਨ, ਜੋ ਡਰ ਨਾਲ ਦਿਲਾਂ ਨੂੰ ਤੰਗ ਕਰਕੇ, ਰਾਜ ਨਹੀਂ ਕਰਦੇ ਪਰ ਜੋ ਅਭੈ ਦਾਨ ਕਰਕੇ ਦਿਲਾਂ ਨੂੰ ਖੁੱਲ੍ਹਾ ਤੇ ਉੱਚਾ ਕਰਕੇ ਦਿਲ ਤਖਤਿਆਂ ਉਤੇ ਪਿਆਰ ਨਾਲ ਬਿਠਾਲੇ ਜਾਂਦੇ ਹਨ। ਜੋ ਪਾਤਸ਼ਾਹ ਨਹੀਂ, ਪਰ ਸੱਚੇ ਪਾਤਸ਼ਾਹ ਕਹਾਉਂਦੇ ਹਨ। ਇਨ੍ਹਾਂ ਨੂੰ ਲੋਕ ਇਸ ਭਰਮ ਵਿਚ ਵੱਡਾ ਨਹੀਂ ਆਖਦੇ ਕਿ ਮਤਾਂ ਖੁਸ਼ ਹੋ ਕੇ ਸਾਨੂੰ ਆਪਣੇ ਜ਼ੋਰ ਜੁਲਮ ਦੀ ਵਡਿਆਈ ਦਾ ਹਿੱਸੇਦਾਰ ਬਣਾ ਕੇ ਵਡਿਆ ਦੇਣਗੇ, ਪਰ ਇਸ ਸੁਆਦ ਵਿਚ ਵੱਡਾ ਆਖਦੇ ਹਨ ਕਿ ਇਸ ਵੱਡੇ ਨੇ ਸਾਡੇ ਦਿਲ ਵੱਡੇ ਕਰ ਦਿੱਤੇ ਹਨ। ਹਾਂ, ਉਹ ਖੜਗ ਬੀ ਧਾਰਦਾ ਹੈ, ਤ੍ਰਾਸ ਦੇਣ ਲਈ ਨਹੀਂ, ਪਰ ਤ੍ਰਾਸ ਨਾਲ ਦਬੇ ਹੋਇਆ ਨੂੰ ਤ੍ਰਾਸ ਦਾਤਿਆਂ ਤੋਂ ਤ੍ਰਾਸ-ਰਹਿਤ ਕਰਨੇ ਲਈ। ਜੋ ਪ੍ਰੇਮ ਨਾਲ ਫਤਹ ਪਾਉਂਦਾ ਤੇ ਪ੍ਰੇਮ ਨਾਲ ਵਧਾਉਂਦਾ ਹੈ, ਪ੍ਰੇਮ ਦਾ ਹਾਲਾ ਲੈਂਦਾ, ਪ੍ਰੇਮ ਦੀਆਂ ਨਹਿਰਾਂ ਚਲਾਉਂਦਾ ਹੈ, ਜੋ ਪ੍ਰੇਮ ਤਲਬਾਂ ਦੇਂਦਾ ਹੈ ਤੇ ਪ੍ਰੇਮ ਜਗੀਰਾਂ ਬਖਸ਼ਦਾ ਹੈ, ਓਹ ਕੇਡਾ ਕੁ ਵੱਡਾ ਆਪ ਹੈ? ਹਾਂ, ਤਲਵਾਰ ਜਿੱਥੇ ਪ੍ਰੇਮ ਨੂੰ ਕਤਲ ਕਰਕੇ ਕੁੱਲਕੁਲਾ ਹੋ ਕੇ ਨਹੀਂ ਲਟਕਦੀ, ਪਰ ਪ੍ਰੇਮ ਦੇ ਬਾਗ ਦੀ ਰੱਖਿਆ ਕਰਨ ਵਾਲੀ ਵਾੜ ਬਣਕੇ ਖੜੋਂਦੀ ਹੈ।

ਪਿਆਰਿਓ* ਅੱਜ ਪ੍ਰੇਮ ਦੇ ਪੁਤਲੇ, ਜਿਨ੍ਹਾਂ ਦੇ ਜੁਲਮ ਦੀ ਬਰਖਾ ਵਿਚ ਭਿਜਦਿਆਂ ਉੱਤੇ ਛਤਰੀ ਤਾਣੀ ਸੀ, ਰਾਮਦਾਸਪੁਰ (ਅੰਮ੍ਰਿਤਸਰ) ਆ ਰਹੇ ਹਨ। ਗਵਾਲੀਅਰ ਦੇ ਕਿਲ੍ਹੇ ਵਿਚੋਂ ਉਮਰਾ ਦੇ ਬਵੰਜਾ ਕੈਦੀ ਛੁਡਾ ਆਏ ਹਨ। ਗਵਾਲੀਅਰ ਦੇ ਕਿਲ੍ਹੇ ਤੋਂ ਹੀ ਨਹੀਂ, ਸਗੋਂ ਉਨ੍ਹਾਂ ਨੂੰ ਮੂਰਖਤਾ ਦੇ ਕਿਲ੍ਹੇ ਵਿਚੋਂ ਭੀ ਕੱਢ ਆਏ ਹਨ। ਖਿਮਾ ਦੀ ਤਲਵਾਰ ਤੇ ਪਿਆਰ ਦੀ ਕਿਪਾਨ ਉਨ੍ਹਾਂ ਦੇ ਅੰਦਰਲੇ ਨੂੰ ਪੁਆ ਆਏ ਹਨ ਅਤੇ ਉਨ੍ਹਾਂ ਦੀ ਗਾਤਰੇ ਦੀ ਤਲਵਾਰ ਨੂੰ ਜੁਲਮ ਦੇ ਖੂਨ ਤੋਂ ਧੋ ਕੇ ਦੀ ਨਰਖਯਾ ਦੀ ਢਾਲ ਬਣਾ ਆਏ ਹਨ। ਐਸੇ ਦਾਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਅਜ ਘਰ ਆ ਰਹੇ ਹਨ। ਅੰਮ੍ਰਿਤਸਰ ਜਿਸ ਵੇਲੇ ਆਪ ਨੂੰ ਸੁਨਹਿਰੀ ਕਲਸ ਨਾਲ ਚਮਕਦਾ ਦਿੱਸਿਆ ਤਾਂ ਘੋੜੇ ਤੋਂ ਉਤਰਕੇ ਪਿਆਰੇ ਸਤਿਗੁਰਾਂ ਦੇ ਅਦਬ ਵਿਚ ਪੈਦਲ ਹੋ ਗਏ, ਅਗੋਂ ਸੰਗਤਾਂ ਆ ਰਹੀਆਂ ਹਨ। ਇਧਰ ਭੀ ਭਾਈ ਬੁੱਢਾ, ਭਾਈ ਜੇਠਾ ਆਦਿਕ ਹੋਰ ਸਾਰੇ ਸਿੱਖ ਗੁਰੂ ਚੰਦ ਉਦਾਲੇ ਤਾਰਾ ਮੰਡਲ ਬਣਕੇ ਸ਼ਬਦ ਪੜ੍ਹ ਰਹੇ ਹਨ। ਉਧਰ ਭਾਈ ਗੁਰਦਾਸ, ਭਾਈ ਸਾਈਂਦਾਸ ਤੇ ਸਾਰੇ ਮੁੱਖੀ ਸਿੱਖ ਗਲ ਪੱਲੇ ਪਾਈ, ਦਿਲ ਸਾਈਂ ਵੱਲ ਲਾਈ, ਮੁਖੋਂ ਸ਼ਬਦਾਂ ਦੀ ਘਨਘੋਰ ਲਾਈ, ਨੇਤ੍ਰ ਪ੍ਰੇਮ ਨਾਲ ਜਗਮਗਾਈ ਚਲੇ ਆ ਰਹੇ ਹਨ। ਪ੍ਰੇਮ ਦਾ ਸੰਗਮ ਹੋ ਗਿਆ, ਚਰਨੀ ਢੈ ਪਏ, ਮਿਲੇ, ਵਿੱਛੜੇ ਮਿਲੇਂ ਗੁਰੂ ਸਮੁੰਦੁ ਨਦੀ ਸਭਿ ਸਿੱਖੀ' ਮਿਲ ਪਏ। ਇਸ ਅਰਸ਼ੀ ਮੇਲ ਦਾ ਵਰਣਨ ਕੌਣ ਕਰੇ। ਫੇਰ ਸਿੱਧੇ ਹਰਿਮੰਦਰ ਜੀ ਨੂੰ ਆਏ। ਸ੍ਰੀ ਅਕਾਲ ਤਖਤ ਸਾਹਿਬ ਜੀ ਆਏ। ਫੇਰ ਅੰਦਰ ਸ੍ਰੀ ਹਰਿਮੰਦਰ ਜੀ ਵਿਚ ਗਏ। ਕੜਾਹ ਪ੍ਰਸ਼ਾਦ ਆਇਆ, ਕੀਰਤਨ ਹੋਇਆ। ਅਰਦਾਸ ਵਿਚ ਲਿਵਲੀਨਤਾ ਹੋਈ। ਫੇਰ ਪ੍ਰਸ਼ਾਦ ਵਰਤਿਆ। ਫੇਰ ਗੁਰੂ ਜੀ ਸ਼ਹਿਰ ਵਿਚ ਆਏ। ਬਜ਼ਾਰ ਕਤਾਰਾਂ ਮਨੁੱਖਾਂ ਨਾਲ ਭਰੇ ਪਏ ਹਨ, ਕੋਠੇ ਇਸਤ੍ਰੀਆਂ ਨਾਲ ਲੱਦੇ ਪਏ ਹਨ, ਸ਼ਬਦਾਂ ਦੀ ਘਨਘੋਰ ਹੋ ਰਹੀ ਹੈ, ਫੁਲਾਂ ਦੀ ਵਰਖਾ ਹੋ ਰਹੀ ਹੈ, ਗੁਲਾਬ ਦੇ ਤ੍ਰੌਂਕੇ ਵੱਸ ਰਹੇ ਹਨ, ਸਿਹਰੇ ਤੇ ਮਾਲਾਂ ਗਲੇ ਪੈ ਰਹ ਹਨ, ਮੱਥਿਆਂ ਤੇ ਸੀਸ ਬੰਦਨਾਂ ਦੀ ਵਾਰ ਨਹੀਂ ਆਉਂਦੀ ਤੇ ਸ਼ਬਦਾਂ ਦੀ ਘਨਘੋਰ ਨਾਲ ਅਕਾਸ਼ ਗੂੰਜ ਰਿਹਾ ਹੈ। ਸੰਗਤਾਂ ਦੇ ਮਨੇ ਪ੍ਰਮੰਨੇ ਗੁਰੂ, ਹਾਂ, ਸੰਗਤ ਨੂੰ ਵੱਡਾ ਜਾਨਣ ਵਾਲੇ ਗੁਰੂ, ਪ੍ਰੇਮ ਕਰਦੇ ਤੇ ਪ੍ਰੇਮ ਕੀਤੇ ਜਾਂਦੇ ਪ੍ਰੇਮੀਆਂ ਦੇ ਮੰਡਲ ਵਿਚੋਂ ਕਿਸ ਤਰ੍ਹਾਂ ਲੰਘ ਰਹੇ ਹਨ? ਜਿੰਕੂ ਪ੍ਰੇਮ ਭਰੀਆਂ ਹਸਾਂ ਦੀਆਂ ਡਾਰਾਂ ਵਿਚੋਂ ਰੰਗਰੱਤੜਾ ਰਾਜ ਹੰਸ ਲੰਘਦਾ ਹੈ। ਇਸ ਤਰ੍ਹਾਂ ਸਤਿਕਾਰੇ ਜਾਂਦੇ ਗੁਰੂ ਜੀ ਸਨੇ ਸਨੇ ਘਰ ਪਹੁੰਚੇ। ਮਾਤਾ ਜੀ ਦੇ ਡੇਰੇ ਗਏ। ਓਹ ਸ਼ਾਂਤਿ ਵਿਚ ਪੂਰੀ, ਸਭ ਤਰ੍ਹਾਂ ਨਿਪੁੰਨ ਮਾਤਾ, ਪ੍ਰੇਮ ਵਿਚ ਭਰੀ ਪਿਆਰੇ ਪੁਤ੍ਰ ਤੇ ਸਤਿਗੁਰਾਂ ਦੇ ਨਿਵਾਜੇ ਗੁਰੂ ਦੀ ਤਾਂਘ ਵਿਚ ਖੜੀ ਹੈ। ਮਰਿਯਾਦਾ ਦੇ ਪੂਰੇ ਜਗਤ ਗੁਰੂ ਜੀ, ਮਾਤਾ ਦੇ ਚਰਨਾਂ ਪਰ ਡਿਗਦੇ ਹਨ। ਮਮਤਾ ਭਰੀ ਮਾਂ ਮਾਤ੍ਰੀ-ਪ੍ਰੇਮ ਵਿਚ ਚੁੱਕ ਕੇ ਗਲ ਲਾਉਂਦੀ ਤੇ ਮੱਥਾ ਚੁੰਮਦੀ ਹੈ। ਫਿਰ ਮਾਤਾ, ਪ੍ਰੇਮ ਦੇ ਲਹਿਰੇ, ਸ਼ਰਧਾ ਨਾਲ ਚਰਨਾਂ ਵੱਲ ਝੁਕਦੀ ਹੈ, ਪਰ ਉਹ ਪੂਰਾ ਗੁਰੂ ਮੱਥਾ ਝੁਕਣ ਬੀ ਨਹੀਂ ਦੇਂਦਾ ਅਰ ਮਾਤਾ ਵਿਚ ਆਪਣੇ ਪਿਆਰੇ ਸਤਿਗੁਰੂ ਪਿਤਾ ਦੀ ਮੂਰਤ ਵੇਖਦਾ ਵੇਖਦਾ ਗੁਰੂ ਪ੍ਰੇਮ ਵਿਚ ਪ੍ਰੋਤਾ ਸਜਲ ਨੇਤ੍ਰ ਹੋ ਜਾਂਦਾ ਹੈ। ਇਕ ਪਾਸੇ ਤਾਂ ਮਾਤਾ ਜੀ ਪੁਤ੍ਰਮ (ਵਾਤਸਲ) ਰਸ ਵਿਚ ਭਰੇ ਪਏ ਹਨ। ਦੂਜੇ ਪਾਸੇ ਸ਼ਰਧਾ ਤੇ ਨਿੰਮ੍ਰਤਾ ਵਿਚ ਭਗਤੀ ਛਾ ਰਹੀ ਹੈ ਤੇ ਗੁਰੂ ਭਾਵਨਾ ਦਾ ਪ੍ਰੇਮ ਸਥਾਈ ਵਾਲਾ ਇਲਾਹੀ ਸ਼ਾਂਤਿ ਰਸ ਪੂਰਤ ਹੋ ਰਿਹਾ ਹੈ।



ਮਰਿਯਾਦਾ ਪੁਰਸ਼ੋਤਮ ਗੁਰੂ ਜੀ ਨੇ ਮਾਤਾ ਨੂੰ ਮਾਤਾ ਤੇ ਨਿਜ ਨੂੰ ਪੁਤ੍ਰ ਜਾਣਕੇ ਉਹ ਆਦਰ ਤੇ ਸਤਿਕਾਰ ਕੀਤਾ ਹੈ ਕਿ ਜੋ ਲੋਕਾਂ ਲਈ ਨਮੂਨਾ ਹੈ, ਕਿ ਸੰਸਾਰਕ ਪ੍ਰਤਾਪ ਪਾਕੇ ਚਾਹੇ ਆਤਮ ਸੱਤਿਆ ਦੇ ਸੁਆਮੀ ਹੋ ਕੇ, ਮਾਤਾ ਪਿਤਾ ਸਦਾ ਵੱਡੇ ਅਰ ਸਤਿਕਾਰ ਯੋਗ ਹਨ ਅਰ ਕਦੇ ਕੋਈ ਹਾਲਤ ਐਸੀ ਨਹੀਂ ਹੈ ਕਿ ਔਲਾਦ ਮਾਪਿਆਂ ਨੂੰ ਆਪਣੇ ਅੱਗੇ ਝੁਕਾਵੇ। ਜਦ ਗੁਰੂ ਜੀ ਨਮੂਨਾ ਦੱਸਦੇ ਹਨ ਤਦ ਜੀਵਾਂ ਨੂੰ ਮਾਪਿਆਂ ਦਾ ਸਤਿਕਾਰ ਕਿੰਨਾ ਵਧੀਕ ਕਰਨਾ ਚਾਹੀਏ?

ਹੁਣ ਮਾਤਾ ਨੇ ਆਦਰ ਨਾਲ ਬਿਠਾਕੇ ਸਾਰਾ ਹਾਲ ਰਤਾ ਰਤਾ ਕਰਕੇ ਸੁਣਿਆ, ਸਾਰਾ ਸੁਣਕੇ ਗ ਵਿਚ ਪੱਲਾ ਪਾ ਕੇ ਖੜੋ ਗਈ, ਨਾਲ ਗੁਰੂ ਜੀ ਖੜੇ ਗਏ। ਅਕਾਲ ਪੁਰਖ, ਸਤਿਗੁਰਾਂ ਦਾ ਧਿਆਲ ਕੀਤਾ ਅਰ ਬੜੇ ਪ੍ਰੇਮ ਨਾਲ ਅਰਦਾਸ ਵਿਚ ਜੁੜ ਗਏ।

ਫੇਰ ਬਹੁਤ ਚਿਰ ਮਾਤਾ ਜੀ ਪੁੱਤ੍ਰ ਜੀ ਦੇ ਪਾਸ ਬੈਠੇ ਰਹੇ। ਹੁਣ ਮਾਤਾ ਜੀ ਨੂੰ ਉਪਕਾਰ ਯਾਦ ਆਇਆ। ਏਸ ਸੁੱਖ ਨੂੰ ਕੱਲਿਆਂ ਮਾਤਾ ਜੀ ਕਦ ਮਾਣ ਸਕਦੇ ਸੇ?ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।।'' ਬੀਬੀ ਰਾਮੋ ਨੂੰ ਸੱਦਿਆ। ਭਾਈ ਸਾਂਈਂ ਦਾਸ ਜੀ, ਭਾਈ ਨਰੈਣ ਦਾਸ ਜੀ ਤੇ ਬੇਬੇ ਪ੍ਰੇਮ ਦੇਵੀ ਜੀ ਆਦਿ ਸਾਰੇ ਪਰਵਾਰ ਨੂੰ ਸੱਦਿਆ। ਗੁਰੂ ਜੀ ਆਪਣੇ ਪਰਮ ਪ੍ਰੇਮੀ ਸਹੁਰੇ ਪਰਿਵਾਰ ਨੂੰ ਹੁਣ ਘਰ ਵਿਚ ਮਿਲ ਕੇ ਗਦਗਦ ਹੋਏ ਸਭ ਨੂੰ ਆਤਕ ਵਰ ਦਿਤੇ, ਫੇਰ ਚਿਰ ਵਾਰਤਾਲਾਪ ਹੁੰਦੇ ਰਹੇ। ਬੀਬੀ ਦਮੋਦਰੀ ਜੀ ਨੇ ਪਿਆਰੇ ਪਤੀ ਦੇ ਚਰਨ ਕਵਲ ਪਰਸੇ। ਇਸ ਪ੍ਰਕਾਰ ਪਰਵਾਰ ਦੇ ਪਿਆਰ ਤੇ ਖੁਸ਼ੀ ਦੇ ਰੰਗਾਂ ਵਿਚ ਗੁਰੂ ਉਦਾਲੇ ਮਾਨੋਂ ਪਰਵਾਰ ਪੈ ਰਿਹਾ ਸੀ। ਦਿਨ ਐਉਂ ਲੰਘਿਆ। ਰਾਤ ਦੱਸੀਦਾ ਹੈ ਕਿ ਹਰਿਮੰਦਰ ਗਏ ਤੇ ਭਾਈ ਬੁੱਢਾ ਜੀ ਦੀ ਚਾੜ੍ਹੀ ਚੌਂਕੀ ਵਿਚ, ਜਦ ਓਹ ਅਕਾਲ ਬੁੰਗੇ ਅੱਪੜੀ, ਜਾ ਦਰਸ਼ਨ ਦਿੱਤੇ ਤੇ ਫਿਰ ਆਪਣੇ ਸੁਖ ਆਸਣ ਵਿਚ ਜਾ ਬਿਰਾਜੇ।

# ਲੱਦਾਖ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਇਤਿਹਾਸਕ ਗੁਰਦੁਆਰਾ ਪੱਥਰ ਸਾਹਿਬ

ਸ੍ਰ. ਤਰਲੋਚਨ ਸਿੰਘ*



ਕੁੱਝ ਸਾਲ ਪਹਿਲਾਂ ਬਤੌਰ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਹੋਣ ਦੇ ਨਾਤੇ ਭਾਰਤ ਸਰਕਾਰ ਵੱਲੋਂ ਦਰਿਆ ਸਿੰਧ ਦੇ ਕਿਨਾਰੇ ਸਾਲਾਨਾ ਸਿੰਧੂ ਉਤਸਵ ਮਨਾਉਣ ਦੇ ਸਬੰਧ ਵਿਚ ਮੈਨੂੰ ਲੱਦਾਖ ਦੀ ਰਾਜਧਾਨੀ ਲੇਹ ਜਾਣ ਦਾ ਅਵਸਰ ਪ੍ਰਾਪਤ ਹੋਇਆ। ਦਿੱਲੀ ਤੋਂ ਇਕ ਘੰਟਾ 10 ਮਿੰਟ ਵਿਚ ਜਹਾਜ਼ ਲੇਹ ਪਹੁੰਚਾ ਦਿੰਦਾ ਹੈ। ਦਿੱਲੀ ਤੋਂ ਸਵੇਰੇ ਚੱਲੇ ਤਾਂ ਉਸ ਸਮੇਂ ਤਾਪਮਾਨ 40 ਡਿਗਰੀ ਸੀ ਤੇ ਜਦੋਂ ਲੇਹ ਉਤਰੇ ਤੇ ਉਥੇ 5 ਡਿਗਰੀ ਸੀ। 13000 ਫੁੱਟ ਦੀ ਉਚਾਈ ਤੇ ਵਸਿਆ ਇਹ ਰਮਣੀਕ ਸ਼ਹਿਰ ਸਦੀਆਂ ਪੁਰਾਣਾ ਹੈ ਤੇ ਪਹਾੜੀ ਇਲਾਕੇ ਦਾ ਕੇਂਦਰ ਹੈ। ਕਦੇ ਇਥੇ ਇਕ ਰਾਜੇ ਦਾ ਰਾਜ ਸੀ ਜੋ ਬੋਧੀ ਧਰਮ ਦਾ ਪੈਰੋਕਾਰ ਸੀ। ਰਾਜੇ ਦਾ ਮਹੱਲ ਸਭ ਤੋਂ ਉਚੀ ਥਾਂ ਤੇ ਹੁਣ ਵੀ ਬਣਿਆ ਹੋਇਆ ਹੈ ਜੋ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੈ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਨੂੰ ਆਪਣੇ ਵੱਸ ਵਿਚ ਕਰ ਲਿਆ ਤੇ ਉਦੋਂ ਸਿੱਖ ਫੌਜਾਂ ਜਿਨ੍ਹਾਂ ਦੇ ਲੈਫਟੀ.ਕਮਾਂਡਰ ਜਨਰਲ ਜੋਰਾਵਰ ਸਿੰਘ ਸਨ, ਜੋ ਜੰਮੂ ਦੇ ਡੋਗਰਾ ਪਰਿਵਾਰ ਵਿਚੋਂ ਸਨ, ਉਹਨਾਂ ਨੇ ਹੀ ਇਹ ਇਲਾਕਾ ਫ਼ਤਹਿ ਕੀਤਾ ਸੀ। ਇਸ ਤੋਂ ਵੀ ਅੱਗੇ ਜਾ ਕੇ ਗਿਲਗਿੱਤ, ਸਕਰਦੂ ਅਤੇ ਸਾਇਚਨ ਵਾਦੀ ਨੂੰ ਵੀ ਸਿੱਖ ਰਾਜ ਵਿਚ ਸ਼ਾਮਲ ਕੀਤਾ। ਇਹ ਸਾਰਾ ਇਲਾਕਾ ਪਹਿਲਾਂ ਤਿੱਬਤ ਵਿਚ ਹੁੰਦਾ ਸੀ। ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸ ਦੇਵਾਂ ਕਿ ਇਹ ਸਾਇਚਨ ਵਾਦੀ ਹੁਣ ਭਾਰਤ ਪਾਕਿਸਤਾਨ ਵਿਚ ਝਗੜੇ ਦੀ ਥਾਂ ਹੈ। ਹਮੇਸ਼ਾਂ ਇਥੇ ਬਰਫ ਰਹਿੰਦੀ ਹੈ। ਗਿਲਗਿੱਤ ਤੇ ਸਕਰਦੂ ਹੁਣ ਪਾਕਿਸਤਾਨ ਵਾਲੇ ਕਸ਼ਮੀਰ ਦਾ ਹਿੱਸਾ ਹਨ।

ਲੇਹ ਵਿਚ ਜਾ ਕੇ ਕਈ ਇਤਿਹਾਸਕ ਜਾਣਕਾਰੀਆਂ ਮਿਲੀਆਂ ਜੋ ਆਪਣੇ ਆਪ ਵਿਚ ਸਾਨੂੰ ਇਹ ਇਕ ਮਾਣ ਵਾਲੀ ਗੱਲ ਵੀ ਲੱਗੀ ਹੈ ਕਿ ਇਤਨੀ ਦੂਰ ਪਹਾੜਾਂ ਵਿਚ ਬਰਫ਼ ਨਾਲ ਢੱਕੇ ਇਲਾਕੇ ਜਿਥੇ ਅੱਜ ਵੀ ਸੜਕ ਰਾਹੀਂ ਜਾਣ ਲਈ ਮੁਸ਼ਕਲਾਂ ਆਉਂਦੀਆਂ ਹਨ, ਸਿਰਫ ਕੁਝ ਮਹੀਨੇ ਹੀ ਰਸਤੇ ਖੁਲ੍ਹਦੇ ਹਨ, ਉਥੇ ਅੱਜ ਤੋਂ 551 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਆਪ ਯਾਤਰਾ ਕਰਦੇ ਹੋਏ ਪੁੱਜੇ ਸਨ। ਇਥੇ ਹੀ ਬੱਸ ਨਹੀਂ ਇਸ ਤੋਂ ਹੋਰ ਉਚੀਆਂ ਥਾਵਾਂ 'ਤੇ ਜਿਥੇ ਬੋਧੀਆਂ ਨੇ ਮੰਦਰ ਭਾਵ ਮੱਠ ਬਣਾਏ ਹੋਏ ਹਨ ਉਥੇ ਵੀ ਉਹ ਪੁੱਜੇ ਅਤੇ ਇਥੋਂ ਹੋਰ ਅੱਗੇ ਕੈਲਾਸ਼ ਪਰਬਤ ਲੰਘ ਕੇ ਮਾਨਸਰੋਵਰ ਝੀਲ ਤੇ ਗਏ ਜਿਥੋਂ ਦਰਿਆ ਸਿੰਧ ਨਿਕਲਦਾ ਹੈ। ਮਾਨਸਰੋਵਰ ਝੀਲ ਚੀਨ ਵਿਚ ਹੈ ਅਤੇ ਇਥੇ ਹਰ ਸਾਲ ਭਾਰਤ ਵੱਲੋਂ ਯਾਤਰੂ ਜਾਂਦੇ ਹਨ ਤੇ ਇਸ ਯਾਤਰਾ ਲਈ ਉਹਨਾਂ ਨੂੰ 27 ਦਿਨ ਲਗਦੇ ਹਨ। ਲੇਹ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਛੋਟਾ ਜਿਹਾ ਗੁਰਦੁਆਰਾ ਹੈ ਪਰ ਕਿਉਂ ਜੋ ਉਥੇ ਪਹਿਲਾਂ ਸਿੱਖ ਨਹੀਂ ਰਹਿੰਦੇ ਸਨ ਇਸ ਕਰਕੇ ਉਸ ਥਾਂ ਤੇ ਗੁਰਦੁਆਰੇ ਦੇ ਨਾਲ ਕਿਸੇ ਨੇ ਦੁਕਾਨਾਂ ਬਣਾ ਦਿੱਤੀਆਂ ਹਨ ਤੇ ਆਪਣਾ ਕਬਜ਼ਾ ਜਮਾਣ ਲਈ ਇਕ ਮੰਦਿਰ ਵੀ ਬਣਾ ਲਿਆ ਹੈ। ਹੁਣ ਉਥੇ ਕੁਲ ਸਿੱਖਾਂ ਦੀ ਗਿਣਤੀ 150 ਤੋਂ ਵੱਧ ਨਹੀਂ। ਇਹ ਗੁਰਦੁਆਰੇ ਦੀ ਬਿਲਡਿੰਗ ਬਹੁਤ ਖਸਤਾ ਹਾਲਤ ਵਿਚ ਹੈ ਤੇ ਮਿਊਂਸਪਲ ਕੌਂਸਿਲ ਵਲੋਂ ਇਸ ਨੂੰ ਢਾਹੁਣ ਦਾ ਫੈਸਲਾ ਹੋ ਚੁੱਕਿਆ ਹੈ। ਸਿੱਖਾਂ ਨੇ ਕਚਹਿਰੀ ਵਿਚ ਇਹ ਕੇਸ ਰੱਖਿਆ ਹੈ ਕਿ ਇਹ ਸਾਰੀ ਜਗ੍ਹਾ ਉਹਨਾਂ ਨੂੰ ਮਿਲੇ ਪਰ ਕਈ ਸਾਲਾਂ ਤੋਂ ਇਹ ਕੰਮ ਲਟਕ ਰਿਹਾ ਹੈ। ਮੈਂ ਇਸ ਫੇਰੀ ਸਮੇਂ ਲਦਾਖ ਹਿੱਲ ਕੌਂਸਿਲ ਦੇ ਚੇਅਰਮੈਨ ਅਤੇ ਬੋਧੀ ਲੀਡਰਾਂ ਨੂੰ ਮਿਲਿਆ ਤੇ ਉਹਨਾਂ ਨੂੰ ਕਿਹਾ ਕਿ ਉਹ ਗੁਰਦੁਆਰੇ ਬਾਰੇ ਫੈਸਲਾ ਕਰਵਾਉਣ ਤਾਂ ਜੋ ਸਿੱਖ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਨਵਾਂ ਗੁਰਦੁਆਰਾ ਉਸਾਰ ਸਕਣ। ਲੇਹ ਦੇ ਸ਼ਹਿਰ ਦੇ ਦਰਮਿਆਨ ਵਿਚ ਇਕ ਦਰਖਤ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਸਾਰਾ ਇਲਾਕਾ ਵੀਰਾਨ ਸੀ ਜਦ ਗੁਰੂ ਨਾਨਕ ਦੇਵ ਜੀ ਨੇ ਇਥੇ ਦਾਤਨ ਗੱਡਿਆ ਤਾਂ ਉਹ ਦਰੱਖ਼ਤ ਬਣ ਗਿਆ। ਪੁਰਾਣਾ ਦਰੱਖ਼ਤ ਡਿਗ ਗਿਆ ਤੇ ਉਸਦੀ ਥਾਂ ਹੁਣ ਇਕ ਨਵਾਂ ਖੜ੍ਹਾ ਹੈ। ਮੈਂ ਉਥੇ ਜਾ ਕੇ ਹੈਰਾਨ ਹੋਇਆ ਕਿ ਪੁਰਾਣੇ ਦਰਖ਼ਤ ਦਾ ਇਕ ਵੱਡਾ ਟਾਹਣ ਇਕ ਬੋਧੀ ਦੇ ਘਰ ਤੇ ਡਿੱਗਿਆ ਪਿਆ ਹੈ ਪਰ ਉਸ ਨੇ ਇਸਨੂੰ ਹਟਾਇਆ ਨਹੀਂ ਤੇ ਇਸਨੂੰ ਸ਼ੁਭ ਸਗਨ ਮੰਨਿਆ ਹੈ, ਤੇ ਉਸਦੇ ਹੇਠਾਂ ਸ਼ਤੀਰ ਲਗਾਕੇ ਉਸਨੂੰ ਖੜ੍ਹਾ ਕਰ ਰਖਿਆ ਹੈ। ਇਸ ਦਰੱਖ਼ਤ ਦੀ ਸਾਰੇ ਪੂਜਾ ਕਰਦੇ ਹਨ ਅਤੇ ਕੋਈ ਵੀ ਉਸ ਦਰੱਖ਼ਤ ਤੋਂ ਲੱਕੜ ਨਹੀਂ ਕਟਦਾ। ਸਿੱਖਾਂ ਨੇ ਦਰ਼ਖ਼ਤ ਉਪਰ ਨਿਸ਼ਾਨ ਸਾਹਿਬ ਲਗਾ ਰਖਿਆ ਹੈ ਤੇ ਆਸ ਪਾਸ ਇਕ ਜੰਗਲਾ ਲੱਗਾ ਹੋਇਆ ਹੈ।



ਸਭ ਤੋਂ ਵੱਧ ਪ੍ਰਭਾਵਸ਼ਾਲੀ ਸਿੱਖ ਇਤਿਹਾਸਕ ਸਥਾਨ ਹੈ ਗੁਰਦੁਆਰਾ ਪੱਥਰ ਸਾਹਿਬ। ਲੇਹ ਤੋਂ 24 ਕਿਲੋਮੀਟਰ ਬਾਹਰ ਇਹ ਆਲੀਸ਼ਾਨ ਗੁਰਦੁਆਰਾ ਭਾਰਤੀ ਫੌਜੀਆਂ ਨੇ ਬਣਾਇਆ ਹੈ। ਇਹ ਗੁਰਦੁਆਰਾ ਲੇਹ-ਮਨਾਲੀ ਸੜਕ ਤੇ ਹੈ। ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਇਸ ਥਾਂ ਤੇ ਬੈਠੇ ਹੋਏ ਸਨ ਜਦੋਂ ਪਹਾੜ ਦੇ ਉਪਰੋਂ ਇਕ ਰਾਖਸ਼ਸ ਨੇ ਇਕ 15ਘ3 ਫੁੱਟ ਦਾ ਭਾਰੀ ਪੱਥਰ ਸੁੱਟਿਆ ਤੇ ਜਦੋਂ ਪੱਥਰ ਗੁਰੂ ਨਾਨਕ ਦੇਵ ਜੀ ਦੀ ਪਿੱਠ ਤੇ ਆ ਕੇ ਲੱਗਾ ਤਾਂ ਇਹ ਉਥੇ ਹੀ ਸ਼ਾਂਤ ਹੋ ਗਿਆ ਅਤੇ ਗੁਰੂ ਨਾਨਕ ਦੇਵ ਜੀ ਦੀ ਪਿੱਠ ਦਾ ਪੂਰਾ ਨਿਸ਼ਾਨ ਪੱਥਰ ਵਿਚ ਦੋ ਇੰਚ ਅੰਦਰ ਤਕ ਅੰਕਿਤ ਹੋ ਗਿਆ ਜਿਹੜਾ ਹੁਣ ਵੀ ਕਾਇਮ ਹੈ। ਇਹ ਪੱਥਰ ਜਿਸ ਥਾਂ ਤੇ ਪਿਆ ਸੀ ਉਥੇ ਵੱਡੀ ਸੜਕ ਬਣ ਰਹੀ ਸੀ ਅਤੇ ਇਸ ਪੱਥਰ ਨੂੰ ਹਟਾਉਣਾ ਉਹਨਾਂ ਲਈ ਜਰੂਰੀ ਸੀ। ਉਹਨਾਂ ਨੇ ਬੜੇ ਬੁਲਡੋਜ਼ਰ ਲਗਾਕੇ ਪੱਥਰ ਨੂੰ ਧੱਕਿਆ ਅਤੇ ਹੋਰ ਸਾਰੇ ਹੀਲੇ ਵਰਤੇ ਪਰ ਪੱਥਰ ਇਕ ਇੰਚ ਵੀ ਨਾ ਹਿੱਲਿਆ। ਉਹਨਾਂ ਨੂੰ ਬੜੀ ਹੈਰਾਨੀ ਹੋਈ ਕਿ ਇਤਨੀ ਇੰਜੀਨਿਅਰਿੰਗ ਤਾਕਤ ਸਾਹਮਣੇ ਪਹਾੜ ਵੀ ਟੁੱਟ ਜਾਂਦੇ ਹਨ ਤੇ ਇਹ ਇਕ ਪੱਥਰ ਆਪਣੀ ਥਾਂ ਤੋਂ ਅੱਗੇ ਪਿਛੇ ਹਿੱਲ ਵੀ ਨਹੀਂ ਸਕਿਆ। ਉਸ ਵਕਤ ਕਿਸੇ ਪੁਰਾਣੇ ਬੋਧੀ ਸੰਤ ਨੇ ਉਹਨਾਂ ਨੂੰ ਇਸ ਪੱਥਰ ਦੀ ਇਤਿਹਾਸਕ ਮਹਾਨਤਾ ਬਾਰੇ ਦੱਸਿਆ। ਫਿਰ ਕੀ ਸੀ ਫੌਜ਼ ਵਾਲਿਆਂ ਨੇ ਸੜਕ ਉਥੋਂ ਬਦਲਕੇ ਇਕ ਵਿੰਗ ਪਾ ਕੇ ਬਣਾ ਲਈ ਤੇ ਪੱਥਰ ਉਥੇ ਹੀ ਛੱਡ ਦਿੱਤਾ। ਸਿੱਖ ਫੌਜੀ ਜੋ ਵੱਡੀ ਗਿਣਤੀ ਵਿਚ ਇਸ ਇਲਾਕੇ ਵਿਚ ਲਗਾਏ ਗਏ ਹਨ, ਉਹਨਾਂ ਨੇ ਉਸ ਵਕਤ ਆਪ ਕਾਰ ਸੇਵਾ ਕਰਕੇ ਪਹਿਲਾਂ ਪੱਥਰ ਉਪਰ ਇਕ ਕਮਰਾ ਬਣਾਇਆ ਤੇ ਪੱਥਰ ਤੇ ਬੜਾ ਕੀਮਤੀ ਰੁਮਾਲਾ ਪਾਇਆ। ਉਸ ਕਮਰੇ ਦੇ ਅੱਗੇ ਇਕ ਵੱਡਾ ਹਾਲ ਕਮਰਾ ਗੁਰਦੁਆਰੇ ਲਈ ਬਣਾਇਆ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਤੇ ਉਸਦੇ ਅੱਗੇ ਬਹੁਤ ਲੰਬੇ ਥੜੇ ਉਪਰ ਸ਼ੈੱਡ ਵੀ ਬਣਾ ਦਿੱਤਾ ਗਿਆ। ਫੌਜੀਆਂ ਨੇ ਆਪਣੀ ਹਿੰਮਤ ਨਾਲ ਮਾਇਆ ਇਕੱਠੀ ਕਰਕੇ ਗੁਰਦੁਆਰੇ ਤੋਂ 20 ਫੁੱਟ ਉੱਚੀ ਪਹਾੜੀ ਤੇ ਲੰਗਰ, ਸਟੋਰ ਤੇ ਰਿਹਾਇਸ਼ੀ ਕਮਰੇ ਬਣਾ ਰੱਖੇ ਹਨ। ਗੁਰਦੁਆਰੇ ਦੇ ਸਾਹਮਣੇ ਸੜਕ ਤੋਂ ਉਪਰ 150 ਫੁੱਟ ਉਚੀ ਪਹਾੜੀ ਜਿਥੇ ਕਿ ਇਹ ਪੱਥਰ ਰਾਖਸ਼ਸ ਨੇ ਸੁੱਟਿਆ ਸੀ, ਉਥੇ ਨਿਸ਼ਾਨ ਸਾਹਿਬ ਲਗਾਇਆ ਗਿਆ ਹੈ ਤੇ ਉਥੇ ਜਾਣ ਲਈ ਪੌੜੀਆਂ ਲਗਾ ਦਿੱਤੀਆਂ ਗਈ ਹਨ। ਅੱਜ ਇਸ ਗੁਰਦੁਆਰੇ ਵਿਚ ਹਰ ਆਏ-ਗਏ ਨੂੰ ਚਾਹ ਪਿਲਾਈ ਜਾਂਦੀ ਹੈ। ਹਰ ਐਤਵਾਰ ਦੀਵਾਨ ਲਗਦਾ ਹੈ ਜਿਸ ਵਿਚ ਘੱਟ ਤੋਂ ਘੱਟ 500 ਤੋਂ ਵੱਧ ਸੰਗਤ ਆਉਂਦੀ ਹੈ ਤੇ ਲੰਗਰ ਛਕਾਇਆ ਜਾਂਦਾ ਹੈ। ਤਕਰੀਬਨ 20 ਸਾਲ ਤੋਂ ਜਿਹੜੀ ਵੀ ਸਿੱਖ ਫੌਜ਼ ਇਥੇ ਡਿਊਟੀ ਤੇ ਹੁੰਦੀ ਹੈ ਉਹ ਆਪਣੇ ਕੁੱਕ ਫੌਜੀ ਜਵਾਨ ਇਥੇ ਡਿਊਟੀ ਤੇ ਲਗਾ ਦਿੰਦੇ ਹਨ। ਗ੍ਰੰਥੀ ਵੀ ਫੌਜ਼ ਦਾ ਆਪਣਾ ਹੁੰਦਾ ਹੈ। ਮੈਂ ਲੇਹ ਵਸਦੇ ਸਿੱਖਾਂ ਨੂੰ ਕਿਹਾ ਕਿ ਉਹ ਹੁਣ ਗੁਰਦੁਆਰੇ ਤੇ ਕਬਜ਼ਾ ਕਰਨ ਦੀ ਇੱਛਾ ਪ੍ਰਗਟ ਨਾ ਕਰਨ। ਇਹ ਗੁਰਦੁਆਰਾ ਫੌਜ ਰਾਹੀਂ ਹੀ ਚਲਣਾ ਚਾਹੀਦਾ ਹੈ, ਕੋਈ ਹੋਰ ਇਥੇ ਆ ਕੇ ਦਖਲ ਨਹੀਂ ਦੇਵੇ ਅਤੇ ਸਾਨੂੰ ਸਾਰਿਆਂ ਨੂੰ ਸਿੱਖ ਫੌਜੀਆਂ ਦੀਆਂ ਪ੍ਰਸੰਸਾ ਕਰਨੀ ਚਾਹੀਦੀ ਹੈ।

ਇਕ ਸੜਕ ਕੁਲੂ-ਮਨਾਲੀ ਦੇ ਰਸਤੇ ਲੇਹ ਜਾਂਦੀ ਹੈ ਤੇ ਇਹ ਸੜਕ ਕਸ਼ਮੀਰ ਵਾਦੀ ਤੋਂ ਬਾਹਰ ਹੈ ਅਤੇ ਇਥੇ ਕੋਈ ਖਤਰਾ ਵੀ ਨਹੀਂ ਹੈ। ਜੁਲਾਈ, ਅਗਸਤ ਅਤੇ ਸਤੰਬਰ ਵਿਚ ਇਥੇ ਬਰਫ ਨਹੀਂ ਪੈਂਦੀ। ਬੜੇ ਆਰਾਮ ਨਾਲ ਸਿੱਖ ਯਾਤਰੂ ਇਸ ਰਸਤੇ ਇਥੇ ਜਾ ਸਕਦੇ ਹਨ। ਇਸ ਯਾਤਰਾ ਦੇ ਨਾਲ ਸੁਹਾਵਣਾ ਦ੍ਰਿਸ਼ ਵੇਖਣ ਦਾ ਵੀ ਅਵਸਰ ਮਿਲੇਗਾ।

ਲੇਹ ਵਿਚ ਜਦੋਂ ਤੁਸੀਂ ਹਵਾਈ ਜਹਾਜ਼ ਦੇ ਰਸਤੇ ਜਾਵੋ ਤਾਂ ਤੁਹਾਨੂੰ ਉਥੇ ਜਾ ਕੇ ਇਕ ਦਿਨ ਪੂਰਾ ਆਰਾਮ ਕਰਨਾ ਪੈਂਦਾ ਹੈ ਇਹ ਇਸ ਲਈ ਕਿ ਤੁਸੀਂ ਯਕਲਖਤ ਮੈਦਾਨ ਤੋਂ 13000 ਫੁੱਟ ਉਚੇ ਪੁੱਜ ਜਾਂਦੇ ਹੋ। ਉਥੇ ਆਕਸੀਜਨ ਘੱਟ ਹੁੰਦੀ ਹੈ ਜਿਸ ਲਈ ਤੁਹਾਨੂੰ 24 ਘੰਟੇ acclimatize ਹੋਣਾ ਪੈਂਦਾ ਹੈ। ਦਿਲ ਦੀ ਬਿਮਾਰੀ ਵਾਲੇ ਵਿਅਕਤੀਆਂ ਨੂੰ ਉਥੇ ਔਖਿਆਈ ਹੁੰਦੀ ਹੈ। ਸਰਦੀਆਂ ਵਿਚ ਉਥੇ ਰਹਿਣਾ ਬੜਾ ਕਠਿਨ ਹੁੰਦਾ ਹੈ। ਚੋਹਾਂ ਪਾਸੇ ਬਰਫਾਂ ਨਾਲ ਪਹਾੜ ਢੱਕ ਜਾਂਦੇ ਹਨ। ਸ਼ਹਿਰ ਵਿਚ ਵੀਕ ਦੇ-ਕਦੇ ਬਰਫ ਪੈਂਦੀ ਹੈ। ਤਾਪਮਾਨ -30 ਡਿਗਰੀ ਤੱਕ ਚਲਾ ਜਾਂਦਾ ਹੈ। ਸੜਕਾਂ ਦੀ ਆਵਾਜਾਈ ਬੰਦ ਰਹਿੰਦੀ ਹੈ। ਲੋਕ ਖਾਣ-ਪੀਣ ਦਾ ਸਮਾਨ ਸਟੋਰ ਕਰਕੇ ਰਖਦੇ ਹਨ ਜੋ ਕਦੇ ਖਰਾਬ ਨਹੀਂ ਹੁੰਦਾ। ਲੇਹ ਜ਼ਿਲੇ ਵਿਚ ਸਰਕਾਰ ਨੇ ਇਕ ਕੌਂਸਿਲ ਬਣਾ ਦਿੱਤੀ ਹੈ ਜੋ ਸਾਰੇ ਕੰਮ ਦੀ ਜ਼ਿੰਮੇਵਾਰ ਹੈ। ਇਸ ਕੌਂਸਿਲ ਵਿਚ ਸਿੱਖ ਤੇ ਈਸਾਈ ਮੈਂਬਰ ਨਹੀਂ ਹਨ ਜਿਸ ਲਈ ਮੈਂ ਸਰਕਾਰ ਨੂੰ ਲਿਖ ਰਿਹਾ ਹਾਂ। ਬੁੱਧ ਧਰਮ ਦੇ ਕਈ ਪੁਰਾਤਨ ਮੱਠ ਲਦਾਖ ਜਿਲ੍ਹੇ ਵਿਚ ਹਨ ਤੇ ਉਸਦੇ ਆਸ-ਪਾਸ ਦੇ ਇਲਾਕੇ ਵਿਚ ਕਲੋਨੀਆਂ ਬਣੀਆਂ ਹੋਈਆਂ ਹਨ। ਹਰ ਬੋਧੀ ਦੇ ਘਰ ਵਿਚ ਛੋਟਾ ਜਿਹਾ ਮੰਦਿਰ ਵੀ ਹੁੰਦਾ ਹੈ। ਇਹ ਸਾਰੇ ਦਲਾਈ ਲਾਮਾ ਨੂੰ ਆਪਣਾ ਗੁਰੂ ਮੰਨਦੇ ਹਨ। ਇਨ੍ਹਾਂ ਦੀ ਬੋਲੀ ਬੋਧੀ ਹੈ ਪਰ ਹਿੰਦੀ ਸਾਰੇ ਸਮਝਦੇ ਹਨ। ਲਦਾਖ ਦਾ ਦੂਜਾ ਜ਼ਿਲ੍ਹਾ ਕਾਰਗਿਲ ਹੈ ਜਿਥੇ 4 ਸਾਲ ਪਹਿਲਾਂ ਪਾਕਿਸਤਾਨ ਨੇ ਹਮਲਾ ਕੀਤਾ ਸੀ। ਉਸ ਜ਼ਿਲ੍ਹੇ ਵਿਚ ਮੁਸਲਮਾਨ ਜ਼ਿਆਦਾ ਹਨ। ਕਾਰਗਿਲ ਵਿਚ ਵੀ ਇਕ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਦਾ ਚਰਨਕੰਵਲ ਹੈ। ਸਿਰੀ ਨਗਰ ਤੋਂ ਕਾਰਗਿਲ ਤੇ ਲੇਹ ਦੀ ਸੜਕ ਬਣੀ ਹੋਈ ਹੈ ਜਿਸ ਰਾਹੀਂ ਸਾਰੀ ਆਵਾਜਾਈ ਹੁੰਦੀ ਹੈ। ਲਦਾਖ ਵਸਦੇ ਬੋਧੀਆਂ ਨੂੰ ਇਹ ਡਰ ਹੈ ਕਿ ਉਹਨਾਂ ਦੀ ਆਬਾਦੀ ਘੱਟ ਰਹੀ ਹੈ ਤੇ ਮੁਸਲਮਾਨਾਂ ਦੀ ਆਬਾਦੀ ਵੱਧ ਰਹੀ ਹੈ। ਜਿਵੇਂ ਕਾਰਗਿਲ ਜ਼ਿਲ੍ਹੇ ਵਿਚ ਹੋ ਚੁੱਕਿਆ ਹੈ। ਬਹੁਤੇ ਬੋਧੀ ਭਿਖਸ਼ੂ ਬਣ ਜਾਂਦੇ ਹਨ ਤੇ ਵਿਆਹ ਨਹੀਂ ਕਰਾਉਂਦੇ। ਜੇ ਏਦਾਂ ਹੁੰਦਾ ਰਿਹਾ ਤਾਂ ਲਦਾਖ ਜਿਸਨੂੰ ਅਸੀਂ ਬੋਧੀਆਂ ਦੀ ਧਰਤੀ ਕਹਿੰਦੇ ਹਾਂ ਉਹ ਸ਼ਾਇਦ ਓਦਾਂ ਦੀ ਨਾ ਰਹੇ। ਭਾਰਤ ਸਰਕਾਰ ਨੇ ਸੁਰੱਖਿਆ ਲਈ ਬਹੁਤ ਵੱਡੀ ਗਿਣਤੀ ਵਿਚ ਲੇਹ ਦੇ ਆਸ ਪਾਸ ਫੌਜੀ ਕੈਂਪ ਬਣਾਏ ਹੋਏ ਹਨ। ਇੰਡੋ-ਤਿੱਬਤੀਅਨ ਬਾਰਡਰ ਫੋਰਸ ਵੱਡੀ ਗਿਣਤੀ ਵਿਚ ਹੈ। ਮੀਲਾਂ ਤਕ ਫੌਜੀ ਕੈਂਪ ਨਜ਼ਰ ਆਉਂਦੇ ਹਨ। ਲੇਹ ਦੇ ਸਾਰੇ ਪਹਾੜ ਖੁਸ਼ਕ ਹਨ। ਸ਼ਹਿਰ ਵਿਚ ਪਾਣੀ ਮਿਲਣ ਕਰਕੇ ਹੁਣ ਹਰਿਆਵਲ ਹੋ ਰਹੀ ਹੈ ਜਿਸਦੇ ਨਾਲ ਸ਼ਹਿਰ ਸੁਹਾਵਣਾ ਲਗਦਾ ਹੈ। ਇਥੇ ਬਾਰਿਸ਼ ਨਹੀਂ ਹੁੰਦੀ। ਕੇਵਲ ਬਰਫ ਪੈਂਦੀ ਹੈ ਅਤੇ ਉਹ ਗਰਮੀਆਂ ਵਿਚ ਪਿਘਲਕੇ ਪਾਣੀ ਬਣਦੀ ਹੈ। ਬੋਧੀਆਂ ਦਾ ਤਿਬਤੀਆਂ ਨਾਲ ਕਲਚਰ ਮਿਲਦਾ ਹੈ। ਇਕੋ ਜਿਹੀਆਂ ਹੀ ਸ਼ਕਲਾਂ ਹਨ ਤੇ ਕਪੜੇ ਵੀ ਇਕੋ ਜਿਹੇ ਪਾਂਦੇ ਹਨ। ਕਹਿੰਦੇ ਹਨ ਕਿ ਪਹਿਲਾਂ ਪੰਜਾਬ ਤੋਂ ਜੋ ਤਜਾਰਤ ਤਿੱਬਤ ਨਾਲ ਹੁੰਦੀ ਸੀ ਉਹ ਇਸੀ ਰਸਤੇ ਹੁੰਦੀ ਸੀ। ਇਥੋਂ ਮਾਨਸਰੋਵਰ ਯਾਤਰਾ ਦੇ ਜਾਣ ਲਈ ਪੂਰੀ ਸੜਕ ਹੁੰਦੀ ਸੀ ਪਰ ਅਖੀਰਲਾ 20 ਮੀਲ ਦਾ ਇਲਾਕਾ ਚੀਨ ਵਿਚ ਹੈ। ਜੇ ਦੋਨੋਂ ਸਰਕਾਰਾਂ ਮਿਲਕੇ ਇਹ ਰਸਤਾ ਖੋਲ੍ਹ ਦੇਣ ਤਾਂ ਬਹੁਤ ਯਾਤਰੂ ਆ ਸਕਦੇ ਹਨ ਤੇ ਇਸ ਇਲਾਕੇ ਨੂੰ ਵੀ ਬੜਾ ਲਾਭ ਮਿਲੇਗਾ।




ਲਦਾਖ਼ ਦੇ ਸਿੱਖਾਂ ਵੱਲੋਂ ਮੇਰੇ ਲਈ ਇਕ ਇਕੱਠ ਕੀਤਾ ਗਿਆ ਜਿਸ ਵਿਚ ਤਕਰੀਬਨ 100 ਸਿੱਖ ਸ਼ਾਮਲ ਹੋਏ। ਉਹਨਾਂ ਦੀ ਮੰਗ ਸੀ ਕਿ ਕਸ਼ਮੀਰ ਵਿਚ ਸਿੱਖਾਂ ਨਾਲ ਬੜੀ ਜ਼ਿਆਦਤੀ ਹੋ ਰਹੀ ਹੈ, ਸੁਰੱਖਿਆ ਵੀ ਨਹੀਂ ਹੈ ਅਤੇ ਪੰਜਾਬੀ ਬੋਲੀ ਪੜ੍ਹਾਉਣ ਦਾ ਪ੍ਰਬੰਧ ਵੀ ਨਹੀਂ ਹੈ। ਮੈਂ ਉਹਨਾਂ ਨੂੰ ਭਰੋਸਾ ਦਿੱਤਾ ਕਿ ਉਥੇ ਜੋ ਨਵੇਂ ਮੈਂਬਰ ਪਾਰਲੀਮੈਂਟ ਬਣੇ ਹਨ ਅਤੇ ਉਥੋਂ ਦੇ ਇਕ ਸਿੱਖ ਐਮ.ਐਲ.ਏ ਨਾਲ ਮਿਲਕੇ ਮੁੱਖ ਮੰਤਰੀ ਨੂੰ ਮਿਲਾਂਗੇ ਤੇ ਇਨ੍ਹਾਂ ਸਾਰੀਆਂ ਮੰਗਾਂ ਬਾਰੇ ਫੈਸਲਾ ਕਰਵਾਵਾਂਗੇ। ਮੈਂ ਉਹਨਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਨਾਨਕ ਦੇਵ ਜੀ ਦੀ ਲਦਾਖ ਯਾਤਰਾ ਬਾਰੇ ਇਕ ਵੱਡਾ ਬੋਰਡ ਬਾਜ਼ਾਰ ਵਿਚ ਕਿਸੀ ਉਚਿਤ ਥਾਂ ਤੇ ਲਗਾਉਣ ਤਾਂ ਜੋ ਯਾਤਰੂ ਇਸਨੂੰ ਪੜ੍ਹ ਸਕਣ। ਲੇਹ ਵਿਚ ਜਨਰਲ ਜੋਰਾਵਰ ਸਿੰਘ ਦੇ ਕਿਲੇ ਬਾਰੇ ਅਤੇ ਇਸ ਨਾਲ ਜੁੜੇ ਸਿੱਖ ਇਤਿਹਾਸ ਬਾਰੇ ਵੀ ਦੱਸਣ ਕਿਵੇਂ ਸਿੱਖ ਫੌਜ਼ ਦੇ ਇਸ ਜਰਨੈਲ ਨੇ ਇਹ ਇਲਾਕਾ ਭਾਰਤ ਨਾਲ ਜੋੜਿਆ ਸੀ।

ਸਿੰਧੂ ਸਮਾਗਮ ਵਿਚ, ਕਈ ਕੇਂਦਰੀ ਮੰਤਰੀ, ਕਾਂਸ਼ੀ ਦੇ ਸ਼ੰਕਰਾਚਾਰੀਆ ਜੀ ਅਤੇ ਸਾਰੇ ਧਰਮਾਂ ਦੇ ਵਿਦਵਾਨ ਸ਼ਾਮਲ ਹੋਏ। ਉਸ ਸਮਾਗਮ ਵਿਚ ਮੈਂ ਆਪਣੇ ਭਾਸ਼ਣ ਵਿਚ ਗੁਰੁ ਨਾਨਕ ਦੇਵ ਜੀ ਦੀ ਲਦਾਖ ਫੇਰੀ ਤੇ ਉਹਨਾਂ ਦੇ ਸਰਬ-ਸਾਂਝੇ ਮਿਸ਼ਨ ਬਾਰੇ ਦੱਸਿਆ ਜੋ ਕਈਆਂ ਲਈ ਬੜਾ ਅਚੰਭਾ ਸੀ। ਮੈਂ ਲਦਾਖ ਦੇ ਬੁਧਿਸ਼ਟ ਕਲਚਰ ਸੈਂਟਰ ਦੇ ਸਮਾਗਮ ਵਿਚ ਵੀ ਬੋਲਿਆ ਤੇ ਉਥੇ ਜਾ ਕੇ ਬਹੁਤ ਵੱਡੇ ਲਿਟਰੇਚਰ ਦੇ ਖ਼ਜ਼ਾਨੇ ਨੂੰ ਵੇਖਿਆ ਜੋ ਉਹਨਾਂ ਨੇ ਬੜਾ ਸੰਭਾਲ ਕੇ ਰੱਖਿਆ ਹੋਇਆ ਹੈ।

# ਦਮਦਮੀ ਟਕਸਾਲ ਦੇ 13ਵੇਂ ਮੁੱਖੀ..............
# ਮਹਾਂਪੁਰਸ਼ ਸੰਤ ਕਰਤਾਰ ਸਿੰਘ ਜੀ ਨੂੰ ਯਾਦ ਕਰਦਿਆਂ

ਸ੍ਰ. ਨਿਰਮਲ ਸਿੰਘ
ਅਤੇ ਡਾ. ਸਾਬਰ

**(ਇਸ ਲੇਖ ਦੀ ਸੰਰਚਨਾ ਲਈ ਲੇਖਕ ਦੀਵਾਨ ਦੇ ਸਤਿਕਾਰਤ ਮੈਂਬਰ ਸ੍ਰ. ਅਜਾਇਬ ਸਿੰਘ ਜੀ ਅਭਿਆਸੀ ਮੈਂਬਰ ਧਰਮ-ਪ੍ਰਚਾਰ ਸ੍ਰੋਮਣੀ ਕਮੇਟੀ ਅੰਮ੍ਰਿਤਸਰ ਪਾਸੋਂ ਮਿਲੇ ਸਹਿਯੋਗ ਲਈ ਹਾਰਦਿਕ ਧੰਨਵਾਦੀ ਹੈ - ਡਾ. ਸਾਬਰ)**

ਕੁੱਝ ਦਿਨ ਪਹਿਲਾਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ. ਨਿਰਮਲ ਸਿੰਘ ਜੀ ਨੇ ਆਪਣੇ ਨਿਵਾਸ-ਅਸਥਾਨ ਤੇ ਲੇਖਕ ਨਾਲ ਗਲਬਾਤ ਕਰਦਿਆਂ ਪੰਜਾਬ ਦੇ ਨਵ-ਨਿਯੁਕਤ ਮੁੱਖ ਮੰਤਰੀ ਸ੍ਰ.ਚਰਨਜੀਤ ਸਿੰਘ ਚੰਨੀ ਬਾਰੇ ਗੁਰਬਾਣੀ ਦੀਆਂ ਦੋ ਪੰਗਤੀਆਂ ਸੁਣਾਈਆਂ ਕਿ **ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ।।** ਅਤੇ **ਜਿਸ ਨੋ ਬਖਸੇ ਸਿਫਤਿ ਸਾਲਾਹ ਨਾਨਕ ਪਾਤਿਸਾਹੀ ਪਾਤਿਸਾਹੁ।।** ਉਨ੍ਹਾਂ ਦਾ ਭਾਵ ਸੀ ਕਿ ਵੱਡੇ-ਵੱਡੇ ਕਦਾਵਰ ਸਿਆਸਤਦਾਨ, ਇਸ ਪੱਦਵੀ ਦੇ ਚਾਹਵਾਨ ਸਨ ਪਰ ਅਕਾਲ ਪੁਰਖ ਦੀ ਕਿਰਪਾ ਦ੍ਰਿਸ਼ਟੀ ਨੇ ਗੋਡੇ ਗੋਡੇ ਗਰੀਬੀ ਹੰਢਾਉਣ ਵਾਲੇ ਛੱਤਹੀਣ ਝੌਂਪੜੀ ਵਿਚ ਪਲੇ, ਪੜੇ ਸ੍ਰ.ਚੰਨੀ ਦੇ ਸਿਰ ਤੇ **ਨੀਚਹੁ ਊਚ ਕਰੇ ਮੇਰਾ ਗੋਬਿੰਦ ਮਾਥੇ ਛੱਤਰ ਧਰੇ** ਅਨੁਸਾਰ ਉਸ ਨੂੰ ਰਾਜਭਾਗ ਬਖਸ਼ ਕੇ ਫਰਸ਼ ਤੋਂ ਅਰਸ਼ ਤੇ ਪਹੁੰਚਾ ਦਿੱਤਾ। ਇਹ ਬਖਸ਼ਿਸ਼ ਸ੍ਰ. ਚੰਨੀ ਦੀ ਸੰਤ ਪੁਰਸ਼ਾਂ ਦੀ ਸੰਗਤ ਅਤੇ ਸ੍ਰੀ ਚਮਕੌਰ ਸਾਹਿਬ ਦੀ ਧਰਤੀ ਨਾਲ ਜੁੜੇ ਸ਼ਹੀਦੀ ਸਾਕੇ ਪ੍ਰਤੀ ਸਚੀ ਸ਼ਰਧਾ ਹੈ।

**ਪ੍ਰਸ਼ਨ:-** ਮੈਂ ਪ੍ਰਸ਼ਨ ਕੀਤਾ ਕਿ ਪ੍ਰਧਾਨ ਸਾਹਿਬ ਆਪ ਜੀ ਵੀ ਤਾਂ ਜੀਵਨ ਦੇ ਸੰਘਰਸ਼ ਵਿਚ ਫਰਸ਼ ਤੋਂ ਅਰਸ਼ ਤੇ ਪੁਜੇ ਹੋ। ਇਸ ਸਫੱਲਤਾ ਪਿੱਛੇ ਕੀ ਰਾਜ ਹੈ? ਕਿਸ ਦੀ ਬਖਸ਼ਿਸ਼ ਅਥਵਾ ਕਿਰਪਾ-ਦ੍ਰਿਸ਼ਟੀ ਹੋਈ? ਉਤੱਰ ਵਿਚ ਪ੍ਰਧਾਨ ਸਾਹਿਬ ਨੇ ਜੋ ਜਾਣਕਾਰੀ ਦਿੱਤੀ ਉਹ ਬੜੀ ਮਹੱਤਵਪੂਰਨ ਅਤੇ ਪਾਠਕਾਂ ਲਈ ਸੁੱਚਜੇ ਜੀਵਨ-ਮਾਰਗ ਦੇ ਪਾਂਧੀ ਬਣਨ ਲਈ ਪ੍ਰੇਰਨਾ ਸ੍ਰੋਤ ਹੈ।

**ਉਤਰ:-** ਸਾਬਰ ਸਾਹਿਬ, ਮੇਰੇ ਦਾਦਾ ਜੀ ਸਤਿਕਾਰਤ ਭਾਈ ਕਾਹਨ ਸਿੰਘ ਜੀ ਰੂਹਾਨੀਅਤ ਦੀ ਗੁਰਮਤਿ ਜੀਵਨ-ਸ਼ੈਲੀ ਨਾਲ ਜੁੜੇ, ਭਜਨ ਬੰਦਗੀ ਕਰਨ ਕਰਾਉਣ ਵਾਲੇ ਮਹਾਂਪੁਰਸ਼ ਸਨ ਜਿਨ੍ਹਾਂ ਦਾ ਪ੍ਰਭਾਵ ਮੇਰੇ ਸਵਰਗੀ ਪਿਤਾ ਸ੍ਰ.ਹਰਿਉਜਾਗਰ ਸਿੰਘ ਜੀ ਤੇ ਬਹੁਤ ਗਹਿਰ



ਸੰਤ ਗੁਰਬਚਨ ਸਿੰਘ ਜੀ



ਸੰਤ ਕਰਤਾਰ ਸਿੰਘ ਜੀ

ਗੰਭੀਰ ਸੀ। ਦਾਦਾ ਜੀ ਤੋਂ ਪ੍ਰਾਪਤ ਸਿੱਖਿਆ ਸਨਮੁਖ ਮੇਰਾ ਪਿਤਾ ਜੀ ਦਮਦਮੀ ਟਕਸਾਲ ਦੇ 12ਵੇਂ ਮੁੱਖੀ ਬ੍ਰਹਮ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਤੇ ਟਕਸਾਲ ਦੇ 13ਵੇਂ ਮੁੱਖੀ ਮਹਾਂਪੁਰਸ਼ ਸੰਤ ਕਰਤਾਰ ਸਿੰਘ ਜੀ ਦੇ ਬਹੁਤ ਸ਼ਰਧਾਲੂ ਸਨ। ਟਕਸਾਲ ਦੇ ਇਹਨਾਂ ਦੋਹਾਂ ਮਹਾਂਪੁਰਸ਼ਾਂ ਦੀ ਸਾਡੇ ਪਰਿਵਾਰ ਤੇ ਅਪਾਰ ਬਖਸ਼ਿਸ਼ ਹੈ ਜਿਨ੍ਹਾਂ ਦੀਆਂ ਅਸੀਸਾਂ ਸਦਕਾ ਅੱਜ ਸਾਡਾ ਪਰਿਵਾਰ ਫਰਸ਼ ਤੋਂ ਅਰਸ਼ ਤੇ ਪੁਜਿਆ ਹੋਇਆ ਹੈ।

**ਪ੍ਰਸ਼ਨ:-** ਪ੍ਰਧਾਨ ਸਾਹਿਬ ਆਪ ਜੀ ਦਾ ਝੁਕਾਅ ਭਿੰਡਰਾਂ ਟਕਸਾਲ ਦੇ ਇਨ੍ਹਾਂ ਮਹਾਂਪੁਰਸ਼ਾਂ ਨਾਲ ਕਿਵੇਂ ਬਣਿਆ ਤੇ ਜੁੜਿਆ ਜੋ ਅੱਜ ਤੱਕ ਨਿਰੰਤਰ ਜਾਰੀ ਹੈ।

**ਉਤਰ:-** ਮੇਰੇ ਪਿਤਾ ਜੀ ਸਾਡੇ ਦਾਦਾ ਜੀ ਬਾਬਾ ਕਾਹਨ ਸਿੰਘ ਜੀ ਤੋਂ ਪ੍ਰਾਪਤ ਸਿਖਿਆ ਸਨਮੁੱਖ ਗੁਰਬਾਣੀ-ਕੱਥਾ ਸ੍ਰਵਣ ਕਰਨ ਦੇ ਬਹੁਤ ਉਪਾਸ਼ਕ ਸਨ। ਇਸ ਲਈ ਜਦੋਂ ਵੀ ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ ਅੰਮ੍ਰਿਤਸਰ ਆ ਕੇ ਕੱਥਾ ਕਰਦੇ ਤਾਂ ਅਸੀਂ ਸਾਰੇ ਉਨ੍ਹਾਂ ਦੀ ਕਥਾ ਸ੍ਰਵਣ ਕਰਨ ਲਈ ਪੁਜ ਜਾਂਦੇ। ਸੰਤ ਜੀ ਜਿਤਨੇ ਦਿਨ ਵੀ ਅੰਮ੍ਰਿਤਸਰ ਰਹਿਕੇ ਕਥਾ ਕਰਦੇ ਤਾਂ ਪਿਤਾ ਜੀ ਪ੍ਰੇਮ ਵਸ ਖ਼ੁਬੀ ਹਲਵਾਈ ਤੋਂ ਦੇਸੀ ਘਿਉ ਦੀਆਂ ਬਣੀਆਂ ਜਲੇਬੀਆਂ ਲੈ ਕੇ ਰੋਜ਼ਾਨਾ ਸੰਗਤ ਨੂੰ ਪ੍ਰਸ਼ਾਦ ਰੂਪ ਵਿਚ ਛਕਾਉਂਦੇ ਸਨ।

**ਪ੍ਰਸ਼ਨ:-** ਆਪ ਜੀ ਦੇ ਟਕਸਾਲ ਦੇ ਇਹਨ੍ਹਾਂ ਦੋਹਾਂ ਮਹਾਂਪੁਰਸ਼ਾਂ ਤੋਂ ਪ੍ਰਭਾਵਤ ਹੋਣ ਦੇ ਖਾਸ ਕਾਰਨ ਕੀ ਸਨ?

ਉਤਰ:- ਮੇਰੇ ਸਵਰਗੀ ਦਾਦਾ ਬਾਬਾ ਕਾਹਨ ਸਿੰਘ ਜੀ, ਪ੍ਰਭੂ-ਪ੍ਰੇਮ ਵਿਚ ਰੰਗ ਰਤੜੇ, ਪੰਜ ਪ੍ਰਕਾਰ ਦੇ ਮਹਾਂ ਪੁਰਸ਼ ਦਸਿਆ ਕਰਦੇ ਸਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਪਹਿਲੀ ਕਿਸਮ ਦੇ ਪੁਰਸ਼ ਅਵਤਾਰੀ ਹੁੰਦੇ ਹਨ ਜੋ ਮਾਨਵ-ਜੀਵਨ ਦੇ ਵਿਕਾਸ ਤੇ ਵਿਗਾਸ ਲਈ ਨਵੇਂ ਸੰਦੇਸ਼ ਸਿਰਜਦੇ ਹਨ। ਨੰਬਰ ਦੋ ਸੰਤ/ਭਗਤ-ਇਹ ਅਜਿਹੇ ਪੁਰਖ ਹੁੰਦੇ ਹਨ ਜੋ ਚੱਲ-ਚੱਲ ਕੇ ਮਾਨਵਾ ਦੇ ਭਲੇ ਲਈ ਸੰਦੇਸ਼ ਸੰਚਾਰਦੇ ਹਨ ਅਤੇ ਭੁਲੇ ਭਟਕਿਆਂ ਲੂੰ ਸੱਚ-ਮਾਰਗ ਦੀ ਸੋਝੀ ਪ੍ਰਦਾਨ ਕਰਦੇ ਹਨ। ਅਜਿਹੇ ਸੰਤ ਪੁਰਸ਼ਾਂ ਦੇ ਜੀਵਨ ਵਿੱਚ ਨਿੱਜ ਹਿਤ ਮਨਫ਼ੀ ਹੁੰਦੇ



ਪਿਤਾ ਸਵਰਗੀ ਸ. ਹਰਿਉਜਾਗਰ ਸਿੰਘ



ਸ. ਨਿਰਮਲ ਸਿੰਘ

ਹਨ ਅਤੇ ਪਰਉਪਕਾਰੀ ਭਾਵਨਾ ਸਦਾ ਪ੍ਰਚੰਡ ਰਹਿੰਦੀ ਹੈ। ਤੀਜੀ ਕਿਸਮ ਦੇ ਪੁਰਖ ਸਟਿਪਨੀ ਵਾਂਗ ਹੁੰਦੇ ਹਨ ਜੋ ਕਦੇ ਕਦਾਈਂ ਸੱਚ-ਮਾਰਗ ਵਲ ਇਕ ਕਦਮ ਅੱਗੇ ਪੁੱਟਦੇ ਹਨ ਤੇ ਫੇਰ ਪਿਛੇ ਮੁੜ ਪੈਂਦੇ ਹਨ। ਅਜਿਹੇ ਪੁਰਖ ਨਾ ਤਾਂ ਕੁੱਝ ਆਪਣਾ ਸੁਆਰਦੇ ਹਨ ਅਤੇ ਨਾ ਹੀ ਦੂਜਿਆਂ ਦਾ ਕੁਝ ਸੁਆਰ ਸਕਦੇ ਹਨ। ਚੌਥੀ ਕਿਸਮ ਦੇ ਲੋਕ ਉਹ ਹੁੰਦੇ ਹਨ ਜੋ ਨਾਸਤਿਕ ਰੁਚੀਆਂ ਦੇ ਮਾਲਕ ਹੁੰਦੇ ਹਨ। ਉਹ ਪਰਲੋਕ ਤੇ ਪਰਮੇਸ਼ਵਰ ਦੀ ਹੋਂਦ ਨੂੰ ਮੰਨਦੇ ਹੀ ਨਹੀਂ ਅਤੇ ਆਪਣੇ ਹਿਤਾਂ ਲਈ ਹੀ ਜੀਵਨ ਬਸਰ ਕਰਦੇ ਹਨ। ਪੰਜਵੀਂ ਕਿਸਮ ਦੇ ਲੋਕ-ਆਧਾਰਮਿਕ ਰੁਚੀ ਵਾਲੇ ਹੁੰਦੇ ਹਨ ਜਿਨ੍ਹਾਂ ਦੇ ਜੀਵਨ ਵਿਚੋਂ ਧਰਮ-ਮਾਰਗ, ਮਨਫ਼ੀ ਹੁੰਦਾ ਹੈ।

ਉਪਰੋਕਤ ਪੰਜ ਕਿਸਮ ਦੇ ਪੁਰਸ਼ਾਂ ਵਿਚੋਂ ਮਹਾਂਪੁਰਸ਼ ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ ਅਤੇ ਸੰਤ ਕਰਤਾਰ ਸਿੰਘ ਜੀ ਖਾਲਸਾ ਦੂਸਰੇ ਮਹਾਂਪੁਰਖਾਂ ਵਿਚੋਂ ਸਨ।

**ਪ੍ਰਸ਼ਨ:-** ਕੀ ਸੰਤ ਜੀ ਵੀ ਆਪ ਜੀ ਦੇ ਪਿਤਾ ਜੀ ਨੂੰ ਪਿਆਰ ਕਰਦੇ ਸਨ?

**ਉਤਰ:-** ਮੇਰਾ ਪਿਤਾ ਜੀ ਦਾ ਅਤੇ ਸੰਤ ਜੀ ਦਾ ਆਤਮਿਕ-



ਗੁਰਦੁਆਰੇ ਦੀ ਬਾਹਰੀ ਦਿਖ

ਪਿਆਰ ਇਸ ਹੱਦ ਤਕ ਸੀ ਕਿ ਅਸੀਂ ਸਾਲ 1965 ਵਿਚ ਇਕ ਸੈਕਿੰਡ ਹੈਂਡ ਆਸਟਿਨ ਕਾਰ ਖਰੀਦੀ ਤਾਂ ਪਿਤਾ ਜੀ ਨੇ ਕਿਹਾ ਕਿ ਇਸ ਕਾਰ ਵਿਚ ਸਭ ਤੋਂ ਪਹਿਲਾਂ ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ ਖਾਲਸਾ ਸਫਰ ਕਰਨਗੇ। ਕਾਰ ਸੈਕਿੰਡ ਹੈਂਡ ਹੋਣ ਕਾਰਨ ਮੈਂ ਡਰਾਈਵ ਕਰਨ ਤੋਂ ਝਿਜਕ ਗਿਆ ਜਿਸ ਕਰਕੇ ਇਸ ਨੂੰ ਸ੍ਰ.ਅਵਤਾਰ ਸਿੰਘ ਵਰਮੀ ਨੇ ਚਲਾਇਆ ਅਤੇ ਅਸੀਂ ਸੰਤ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ੍ਰੀ ਗੰਗਾਨਗਰ ਛੱਡ ਕੇ ਆਏ। ਸੰਤ ਖ਼ਾਲਸਾ ਜੀ ਨੇ ਪ੍ਰਸੰਨ ਹੋ ਕੇ ਸਾਨੂੰ ਅਸੀਸ ਬਖਸ਼ੀ।

**ਪ੍ਰਸ਼ਨ:-** ਪ੍ਰਧਾਨ ਸਾਹਿਬ,`ਖਾਲਸਾ' ਜੀ ਦੇ ਜੀਵਨ-ਸਫਰ ਬਾਰੇ ਵੀ ਕੁੱਝ ਸੰਕੇਤ-ਮਾਤਰ ਚਾਨਣਾ ਪਾਓ।

**ਉਤਰ:-** ਮਹਾਂਪੁਰਸ਼ਾਂ ਦਾ ਜੀਵਨ ਵਿਸਥਾਰ ਵਿਚ ਤਾਂ ਦਮਦਮੀ ਟਕਸਾਲ, ਚੌਕ ਮਹਿਤਾ ਵਲੋਂ ਪ੍ਰਕਾਸ਼ਤ ਪੁਸਤਕਾਂ ਇਤਿਹਾਸ ਦਮਦਮੀ ਟਕਸਾਲ (ਸੰਖੇਪ) ਅਤੇ ਖਾਲਸਾ ਜੀਵਨ ਵਿਚ ਪ੍ਰਾਪਤ ਹੋ ਜਾਂਦਾ ਹੈ। ਸੰਖੇਪ ਵਿਚ ਮੈਂ ਏਹੋ ਦਸ ਸਕਦਾ ਹਾਂ ਕਿ ਆਪ ਜੀ ਦਾ ਜਨਮ, ਜਗਰਾਵਾਂ ਤੋਂ ਤਿੰਨ ਮੀਲ ਦੀ ਦੂਰੀ ਤੇ ਨਗਰ ਅਖਾੜਾ ਵਿਚ ਸ੍ਰ.ਕੁੜ ਸਿੰਘ ਜੀ ਦੇ ਘਰ 12 ਫਰਵਰੀ, 1902 ਈ: ਨੂੰ ਹੋਇਆ। ਤੇਰਾਂ ਮਹੀਨਿਆਂ ਦੀ ਆਯੂ ਵਿਚ ਆਪ ਜੀ ਦੇ ਮਾਤਾ ਜੀ ਗੁਰਪੁਰੀ ਪਿਆਨਾ ਕਰ ਗਏ ਜਿਸ ਕਰਕੇ ਆਪ ਜੀ ਦਾ ਪਾਲਣ ਪੋਸ਼ਣ ਪਹਿਲਾਂ ਦਾਦੀ ਜੀ ਨੇ ਅਤੇ ਬਾਅਦ ਵਿਚ ਭੂਆ ਜੀ ਨੇ ਕੀਤਾ। 18 ਸਾਲ ਦੀ ਉਮਰ ਵਿਚ ਆਪ ਜੀ ਦੀ ਸ਼ਾਦੀ ਰਾਜੋਆਣਾ ਪਿੰਡ ਦੇ ਸ੍ਰ.ਬਸੰਤ ਸਿੰਘ ਦੀ ਸਪੁੱਤਰੀ ਬੀਬੀ ਕਿਸ਼ਨ ਕੌਰ ਨਾਲ ਹੋ ਗਈ। ਗੁਰੂ ਕਿਰਪਾ ਨਾਲ 1923 ਵਿਚ ਪਹਿਲੋਂ ਆਪ ਜੀ ਦੇ ਘਰ ਭਾਈ ਕਰਤਾਰ ਸਿੰਘ ਜੀ ਨੇ ਅਤੇ ਫਿਰ 1932 ਈ. ਵਿਚ ਭਾਈ ਭਗਵਾਨ ਸਿੰਘ ਜੀ ਨੇ ਜਨਮ ਲਿਆ। ਆਪ ਜੀ ਦੇ ਇਹ ਦੋਵੇਂ ਸਪੁੱਤਰ ਆਪ ਜੀ ਵਾਂਗ ਹੀ ਗੁਰਮਤਿ ਦੇ ਮਜੀਠ ਰੰਗ ਵਿਚ ਰੰਗੇ ਹੋਏ ਸਨ ਅਤੇ ਬਹੁਤ ਰਸਦਾਇਕ ਅਨੰਦਮਈ ਕੀਰਤਨ ਕਰਦੇ ਸਨ।

ਖਾਲਸਾ ਜੀ ਨੇ ਗੁਰਮਤਿ ਨਾਲ ਸੰਬੰਧਤ ਸਾਰੇ ਸ੍ਰੋਤ ਗ੍ਰੰਥਾਂ ਦੇ ਨਾਲ-ਨਾਲ ਸਮਕਾਲ ਦੇ ਸਮੂੰਹ ਹਿੰਦੂ ਗ੍ਰੰਥਾਂ ਦਾ ਵੀ ਗਹਿਰ ਗੰਭੀਰ ਅਧਿਐਨ ਕੀਤਾ ਹੋਇਆ ਸੀ ਜਿਸ ਕਰਕੇ ਆਪ ਜੀ ਦਾ ਗਿਆਨ-ਭੰਡਾਰ ਵਸੀਹ ਅਤੇ ਰਸਲੀਨ ਸੀ। ਏਸੇ ਲਈ ਆਪ ਜੀ ਦੀ ਕਥਾ ਸੁਣਨ ਲਈ ਹਮੇਸ਼ਾ ਸ਼ਰਧਾਲੂ ਪਬਾਂਭਾਰ ਹੋਏ ਰਹਿੰਦੇ ਸਨ। ਸਿੱਖ ਜੱਗਤ ਨੂੰ ਆਪ ਜੀ ਨੇ ਦਮਦਮੀ ਟਕਸਾਲ ਵਿਚ ਘੜ ਕੇ ਅਣਗਿਣਤ ਕਥਾਕਾਰ, ਗ੍ਰੰਥੀ, ਰਾਗੀ, ਪਾਠੀ ਸਿੰਘ ਤੇ ਪ੍ਰਚਾਰਕ ਦਿੱਤੇ ਸਨ ਜੋ ਵਿਸ਼ਵ ਭਰ ਵਿਚ ਅਜੋਕੇ ਸਮੇਂ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ। ਇਸ ਸੰਬੰਧੀ ਵਧੇਰੇ ਵਿਸਥਾਰ ਸੰਬੰਧਤ ਪੁਸਤਕਾਂ ਵਿਚ ਦਰਜ ਕੀਤਾ ਵੇਖਿਆ ਜਾ ਸਕਦਾ ਹੈ। ਮੈਂ ਅਤੇ ਸ੍ਰ.ਅਣਖੀ ਸਾਹਿਬ ਅਕਸਰ ਸੰਤ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਾਂ ਅਤੇ 28 ਜੂਨ 1969 ਈ. ਨੂੰ ਕੀਰਤਪੁਰ ਸਾਹਿਬ ਪਾਤਾਲਪੁਰੀ ਵਿਖੇ ਸੰਤਾਂ ਦੇ ਅੰਤਮ ਸੰਸਕਾਰ ਤਕ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹੇ।

**ਪ੍ਰਸ਼ਨ:-** ਆਪ ਜੀ ਦਾ ਟਕਸਾਲ ਦੇ 13ਵੇਂ ਮੁੱਖੀ ਮਹਾਂਪੁਰਸ਼ ਸੰਤ ਕਰਤਾਰ ਸਿੰਘ ਜੀ ਖਾਲਸਾ ਨਾਲ ਕਿਵੇਂ ਮੇਲ ਹੋਇਆ?

**ਉਤਰ:-** ਸਾਡਾ ਸਾਰਾ ਪਰਿਵਾਰ ਹੀ ਸੰਤ ਕਰਤਾਰ ਸਿੰਘ ਜੀ ਦਾ ਬਹੁਤ ਸ਼ਰਧਾਲੂ ਸੀ। ਮੈਨੂੰ ਮੇਰੇ ਪਿਤਾ ਜੀ ਨੇ ਅਗਸਤ 1969 ਵਿਚ ਪਹਿਲਗਾਮ ਤੋਂ ਫੋਨ ਕੀਤਾ ਕਿ 4 ਸਤੰਬਰ 1969 ਈ. ਨੂੰ ਮਹਾਂਪੁਰਸ਼ ਸੰਤ ਕਰਤਾਰ ਸਿੰਘ ਜੀ ਜਥਾ ਲੈ ਕੇ ਸ੍ਰੀ ਹੇਮਕੁੰਟ ਸਾਹਿਬ ਜਾ ਰਹੇ ਹਨ ਇਸ ਲਈ ਮੇਰਾ ਨਾਂ ਉਸ ਜਥੇ ਵਿਚ ਲਿਖਵਾ ਦੇਵੋ। ਮੈਂ ਏਸੇ ਤਰ੍ਹਾਂ ਕੀਤਾ। ਪਿਤਾ ਜੀ ਤਾਂ ਸਮੇਂ ਸਿਰ ਘਰ ਪਹੁੰਚ ਗਏ ਪਰ ਮੈਂ ਲੇਟ ਹੋ






ਗੁਰਦੁਆਰਾ ਗੁਰਦਰਸ਼ਨ ਪ੍ਰਕਾਸ



ਲੰਗਰ ਹਾਲ

ਗਿਆ ਜਿਸ ਕਾਰਨ ਉਹ ਜਥੇ ਦੇ ਨਾਲ ਚੌਕ ਮਹਿਤਾ ਸਾਹਿਬ ਤੋਂ ਨਾ ਜਾ ਸਕੇ। ਮੈਂ ਉਨ੍ਹਾਂ ਨੂੰ ਕਾਰ ਰਾਹੀਂ ਜਾਣ ਦੀ ਬੇਨਤੀ ਕੀਤੀ ਪਰ ਉਹ ਰਾਤ ਨੂੰ ਅੰਮ੍ਰਿਤਸਰੋਂ ਚਲਣ ਵਾਲੀ ਗਡੀ (ਜੋ ਫੁੱਲਾਂ ਵਾਲੀ ਗੱਡੀ ਦੇ ਨਾਂ ਕਰਕੇ ਮਸ਼ਹੂਰ ਹੈ) ਉਸ ਵਿਚ ਬੈਠਕੇ ਪਹਿਲੋਂ ਹਰਿਦੁਆਰ ਅਤੇ ਫੇਰ ਰਿਸ਼ੀਕੇਸ਼ ਜਾ ਕੇ ਸੰਤਾਂ ਦੇ ਜਥੇ ਵਿਚ ਸ਼ਾਮਲ ਹੋ ਗਏ।

ਮੇਰੇ ਪਿਤਾ ਸ. ਹਰਿਉਜਾਗਰ ਸਿੰਘ ਜੀ 'ਕਿਰਤ ਕਰੋ' ਨਾਮ ਜਪੋ, ਵੰਡ ਛਕੋ' ਦਾ ਅਮਲੀ ਜੀਵਨ ਜਿਉਣ ਵਾਲੇ ਕਿਰਤੀ ਸਨ। ਉਹ ਆਪਣੇ ਸਮੇਂ ਵਿਚ 7 ਰੁਪਏ ਦਿਹਾੜੀ ਤੇ ਰਾਜਗਿਰੀ ਦੀ ਕਿਰਤ ਕਰਦੇ ਸਨ ਅਤੇ ਉਹ ਸ਼ਾਮ ਨੂੰ 5 ਵਜੇ ਆਪਣੀ ਦਿਹਾੜੀ ਪੂਰੀ ਕਰਕੇ ਮੈਨੂੰ ਤੇ ਮੇਰੇ ਛੋਟੇ ਵੀਰ ਸ. ਤਰਲੋਚਨ ਸਿੰਘ ਨੂੰ ਨਾਲ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਆ ਜਾਂਦੇ ਸਨ। ਆਪਣੀ 7 ਰੁਪਏ ਦਿਹਾੜੀ ਦੀ ਕੀਤੀ ਕਮਾਈ ਵਿਚੋਂ 7 ਆਨੇ ਸ੍ਰੀ ਹਰਿਮੰਦਰ ਸਾਹਿਬ ਭੇਟ ਕਰਨਾ ਪਿਤਾ ਜੀ ਦਾ ਨਿਤ-ਕਰਮ ਸੀ। ਪਿਤਾ ਜੀ ਸਾਨੂੰ ਦੋਹਾਂ ਭਰਾਵਾਂ ਨੂੰ ਸਰਾਂ ਵਾਲੇ ਪਾਸੇ ਬਣੇ ਜੋੜਾ ਘਰ ਵਿਚ ਸੰਗਤਾਂ ਦੇ ਜੋੜਿਆਂ ਦੀ ਸੇਵਾ ਕਰਨ ਲਈ ਛੱਡ ਕੇ ਆਪ ਗਿਆਨੀ ਬੁਧ ਸਿੰਘ ਜੀ ਦੀ ਕਥਾ ਸ੍ਰਵਨ ਕਰਨ ਲਈ ਗੁਰਦੁਆਰਾ ਮੰਜੀ ਸਾਹਿਬ ਹਾਲ ਵਿਚ ਚਲੇ ਜਾਂਦੇ ਸਨ। ਕਥਾ ਸਮਾਪਤ ਹੁੰਦੇ ਹੀ ਅਸੀਂ ਪੰਜ ਜਣੇ ਜਿਸ ਵਿਚ ਸ. ਕਰਮ ਸਿੰਘ ਹਲਦੀ ਵਾਲੇ ਵੀ ਸ਼ਾਮਲ ਹੁੰਦੇ ਸਨ ਸ੍ਰੀ ਹਰਿਮੰਦਰ ਸਾਹਿਬ ਜੀ ਦੀਆਂ ਪਰਿਕਰਮਾਂ ਵਿਚ ਬੈਠ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਕਰਨ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਅਰਦਾਸ ਕਰਕੇ ਅਤੇ ਮਥਾ ਟੇਕ ਕੇ ਵਾਪਸ ਮੁੜਦੇ ਸਾਂ।

ਸੁਵਰਗੀ ਮਾਤਾ ਸ੍ਰੀਮਤੀ ਬਲਵੰਤ ਕੌਰ ਜੀ ਦੇ ਅਕਾਲ ਚਲਾਣੇ ਉਪਰੰਤ ਸਾਡੇ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਪੁਜਾ ਜਦੋਂ ਸਾਡੇ ਰਾਹਗੀਰ ਪਿਤਾ ਸ.ਹਰਿਉਜਾਗਰ ਸਿੰਘ ਜੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਸਾਡੇ ਪਰਿਵਾਰ ਦੀ ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲਿਆਂ ਨਾਲ ਪਰਿਵਾਰਕ ਸਾਂਝ ਬਣੀ ਹੋਈ ਸੀ ਅਤੇ ਉਹ ਸੰਗਤ ਸਮੇਤ ਸਾਡੇ ਗ੍ਰਹਿ ਚਰਨ ਪਾਉਂਦੇ ਰਹਿੰਦੇ ਸਨ। ਗੁਰੂ ਨਾਨਕ ਪਾਤਸ਼ਾਹ ਦੀ ਪੰਜਵੀਂ ਸ਼ਤਾਬਦੀ ਦੇ ਸਨਮੁਖ ਸੰਤ ਕਰਤਾਰ ਸਿੰਘ ਜੀ ਨੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਦਾ ਪ੍ਰੋਗਰਾਮ ਬਣਾ ਲਿਆ ਅਤੇ ਸਾਡੇ ਪਿਤਾ ਜੀ ਜਥੇ ਵਿਚ ਸ਼ਾਮਲ ਹੋ ਕੇ ਉਨ੍ਹਾਂ ਨਾਲ ਹੀ ਹੇਮਕੁੰਟ ਸਾਹਿਬ ਜੀ ਦੀ ਯਾਤਰਾ ਤੇ ਚਲੇ ਗਏ ਜਿਥੇ 8 ਸਤੰਬਰ, 1969 ਈ. ਨੂੰ ਕਰਨ ਪ੍ਰਯਾਗ ਦੇ ਸਥਾਨ ਤੇ ਗੁਰ ਚਰਨਾਂ ਵਿਚ ਜਾ ਬਿਰਾਜੇ। ਸੰਤ ਕਰਤਾਰ ਸਿੰਘ ਜੀ ਨੇ ਆਪਣੇ ਹੱਥੀ ਸਾਰੀਆਂ ਰਸਮਾਂ ਨਿਭਾਉਂਦਿਆਂ ਗੁਰ-ਮਰਿਆਦਾ ਅਨੁਸਾਰ ਪਿਤਾ ਜੀ ਦਾ ਅੰਤਿਮ ਸੰਸਕਾਰ ਕਰ ਦਿੱਤਾ। ਮੇਰਾ ਦੁਖਾਂਤ ਇਹ ਸੀ ਕਿ ਮੈਨੂੰ ਪਿਤਾ ਜੀ ਦੇ ਅਕਾਲ ਚਲਾਣੇ ਦੀ ਸੂਚਨਾ 9 ਦਿਨ ਬਾਅਦ 16 ਸਤੰਬਰ, 1969 ਨੂੰ ਦਿੱਤੀ ਗਈ ਜਿਸ ਦਾ ਮੈਨੂੰ ਬਹੁਤ ਮਾਨਸਿਕ ਕਸ਼ਟ ਪੁੱਜਾ। ਸੰਤ ਕਰਤਾਰ ਸਿੰਘ ਜੀ ਜਦੋਂ 25 ਸਤੰਬਰ, 1969 ਨੂੰ ਯਾਤਰਾ ਤੋਂ ਵਾਪਸ ਪਰਤੇ ਤਾਂ ਮੈਂ ਬਹੁਤ ਰੋਸ ਪ੍ਰਗਟ ਕੀਤਾ। ਪਰ ਸੰਤ ਜੀ ਨੇ ਇਹ ਦਸਕੇ ਮੈਨੂੰ ਸ਼ਾਂਤ ਕੀਤਾ ਕਿ ਮੇਰੇ ਨਾਲ ਉਸ ਸਮੇਂ 200 ਦੀ ਗਿਣਤੀ ਵਿਚ ਸੰਗਤ ਸੀ ਜਿਸ ਨੂੰ ਰੋਕ ਸਕਣਾ ਸੰਭਵ ਨਹੀਂ ਸੀ। ਅਸੀਂ ਉਨ੍ਹਾਂ ਦੀ ਪੂਰੀ ਗੁਰ ਮਰਿਆਦਾ ਅਨੁਸਾਰ ਅੰਤਮ ਵਿਦਾਇਗੀ ਕੀਤੀ ਹੈ ਅਤੇ ਉਨ੍ਹਾਂ ਦੀ ਜੇਬ ਵਿਚੋਂ ਨਿਕਲੀ ਮਾਇਆ ਨਾਲ ਹੀ ਉਨ੍ਹਾਂ ਦੀ ਯਾਦ ਵਿਚ ਇਕ ਨਹੀਂ 5 ਸ੍ਰੀ ਅਖੰਡ ਸਾਹਿਬ ਸ੍ਰੀ ਕਰਨ ਪ੍ਰਯਾਗ, ਸ੍ਰੀ ਨਗਰ, ਗੋਬਿੰਦ ਘਾਟ, ਗੋਬਿੰਦ ਧਾਮ ਅਤੇ ਸ੍ਰੀ ਹੇਮਕੁੰਟ ਸਾਹਿਬ ਕਰਵਾਏ ਹਨ। ਸੰਤ ਜੀ ਪਾਸੋਂ ਇਹ ਸੁਣ ਕੇ ਮੇਰਾ ਮਨ ਸ਼ਾਂਤ ਹੋਇਆ।

ਪਿਤਾ ਜੀ ਦੀ ਯਾਦ ਵਿਚ ਸਾਡੇ ਪਰਿਵਾਰ ਵੱਲੋਂ ਰਖਾਏ ਪਾਠ ਦਾ ਭੋਗ ਪੈਣ ਉਪਰੰਤ ਸੰਤ ਕਰਤਾਰ ਸਿੰਘ ਜੀ ਮੈਨੂੰ ਆਪਣੇ ਨਾਲ ਚੌਂਕ ਮਹਿਤੇ ਲੈ ਗਏ। ਏਥੇ ਸੰਤ ਜੀ ਨੇ ਮੈਨੂੰ ਉਹ ਸਥਾਨ ਦਿਖਾਇਆ ਜਿਥੇ ਟਕਸਾਲ ਦੇ 12ਵੇਂ ਮੁੱਖੀ ਸਵਰਗੀ ਸੰਤ ਗੁਰਬਚਨ ਸਿੰਘ ਜੀ ਖਾਲਸਾ ਨੇ ਅੰਤਿਮ ਸੁਆਸ ਦਿੱਤੇ ਸਨ। ਸੰਤ ਜੀ ਨੇ ਮੈਨੂੰ ਦਸਿਆ ਕਿ ਇਸ ਥਾਂ ਦੇ ਮਾਲਕ ਨੇ ਇਹ ਸਥਾਨ ਸੰਤਾਂ ਦੀ ਯਾਦਗਾਰ ਬਣਾਉਣ ਹਿਤ ਸਾਨੂੰ ਦਾਨ ਕਰ ਦਿੱਤਾ ਹੈ ਅਤੇ ਸਾਡੀ ਇੱਛਾ ਹੈ ਕਿ ਏਥੇ ਸੰਤਾਂ ਦੀ ਯਾਦ ਵਿਚ ਇਕ ਸ਼ਾਨਦਾਰ ਗੁਰਦੁਆਰਾ ਹਾਲ ਦੀ ਉਸਾਰੀ ਕੀਤੀ ਜਾਵੇ। ਸੰਤਾਂ ਨੇ ਆਸ ਪਾਸ ਦੀ ਜ਼ਮੀਨ ਖਰੀਦ ਕੇ ਮੈਨੂੰ ਹੁਕਮ ਕੀਤਾ ਕਿ ਜਿਥੇ ਸੰਤਾਂ ਦੇ ਅਕਾਲ ਚਲਾਣੇ ਦਾ ਭੋਗ ਪਾਇਆ ਗਿਆ ਸੀ ਉਥੇ ਮਹਾਂਪੁਰਸ਼ਾਂ ਦੀ ਉਮਰ ਅਨੁਸਾਰ ਇਕ ਵੱਡਾ ਅਤੇ ਖੁੱਲਾ ਗੁਰਦੁਆਰਾ ਸਾਹਿਬ ਦਾ ਹਾਲ ਤਿਆਰ ਕੀਤਾ ਜਾਵੇ ਅਤੇ ਉਸਦੇ ਨਾਲ ਹੀ 2000 ਤੋਂ ਵੱਧ ਸੰਗਤਾਂ ਦੇ ਪ੍ਰਸ਼ਾਦਾ ਛੱਕਣ ਲਈ ਲੰਗਰ ਹਾਲ ਵੀ ਬਣਾਇਆ ਜਾਵੇ। ਲੋੜੀਂਦਾ ਪੈਸਾ ਸੰਗਤ ਪਾਸੋਂ ਇਕੱਤਰ ਕਰਕੇ ਉਹ ਖੁਦ ਦੇਣਗੇ ਜਦੋਂ ਕਿ ਬਾਕੀ ਦਾ ਸਾਰਾ ਪ੍ਰਬੰਧ ਜਿਸ ਵਿਚ ਲੋੜੀਂਦਾ ਮੈਟੀਰੀਅਲ (ਇੱਟਾਂ, ਸੀਮਿੰਟ, ਰੇਤ, ਬਜਰੀ ਆਦਿ) ਮਿਸਤਰੀ ਤੇ ਮਜ਼ਦੂਰ ਨਕਸ਼ਿਆਂ ਆਦਿ ਦਾ ਪ੍ਰਬੰਧ ਕਰਨ ਅਤੇ ਸਾਰੇ ਕੰਮ ਦੀ ਪੂਰੀ ਨਿਗਰਾਨੀ ਕਰਨ ਦੀ ਸੇਵਾ ਮੈਨੂੰ ਸੌਂਪੀ ਗਈ। ਮੈਂ ਗਲੀ ਪੰਜਾਬ ਸਿੰਘ ਰਹਿਣ ਵਾਲੇ ਸ. ਅਜੀਤ ਸਿੰਘ ਤੋਂ ਨਕਸ਼ਾ ਤਿਆਰ ਕਰਵਾਉਣ ਉਪਰੰਤ ਸ. ਧਰਮ ਸਿੰਘ ਆਦਿ ਨੂੰ 100 ਦੇ ਕਰੀਬ ਨਕਸ਼ੇ ਦਿਖਾਉਣ ਉਪਰੰਤ ਪਾਸ ਹੋਏ ਨਕਸ਼ਿਆਂ ਨੂੰ ਸੰਤ ਤਾਰਾ ਸਿੰਘ ਜੀ ਸਿਰਹਾਲੀ ਵਾਲਿਆਂ ਕੋਲ ਲੈ ਕੇ ਗਿਆ ਅਤੇ ਉਹਨਾਂ ਵੱਲੋਂ ਪਾਸ ਕੀਤੇ ਗਏ ਨਕਸ਼ੇ ਅਨੁਸਾਰ ਇੰਜੀਨੀਅਰ, ਮਿਸਤਰੀ ਗੁਰਬਚਨ ਸਿੰਘ ਅਤੇ ਸ. ਗੁਰਪ੍ਰਤਾਪ ਸਿੰਘ ਨਾਲ ਰਲ ਕੇ ਹਾਲ ਦੀਆਂ 6×6 ਫੁੱਟ ਡੂੰਘੀਆਂ ਤੇ 4×4 ਫੁੱਟ ਚੌੜੀਆਂ ਨੀਹਾਂ ਤੋਂ ਲੈ ਕੇ 7 ਫੁੱਟ ਤੇ ਡੀ.ਪੀ.ਸੀ ਪਾਈ ਅਤੇ ਬੁਰਜੀਆਂ ਤਕ ਦੀ ਉਸਾਰੀ ਆਦਿ ਦਾ ਸਾਰਾ ਕੰਮ 1971 ਤਕ ਮੁਕੰਮਲ ਕਰ ਕੇ ਸੰਤ ਮਹਾਪੁਰਸ਼ਾਂ ਦੇ ਹਵਾਲੇ ਕਰ ਦਿੱਤਾ। ਇਸ ਸਾਰੇ ਕਾਰਜ ਵਿਚ ਬਾਬਾ ਥਰਾ ਸਿੰਘ ਜੀ ਨੇ ਸਾਨੂੰ ਪੂਰਨ ਸਹਿਯੋਗ ਪ੍ਰਦਾਨ ਕੀਤਾ। ਇਸ ਤਰ੍ਹਾਂ ਮੇਰੀ ਸੰਤ ਕਰਤਾਰ ਸਿੰਘ ਜੀ ਨਾਲ ਸੰਗਤ ਵਧੇਰੇ ਨੇੜੇ ਹੁੰਦੀ ਰਹੀ ਅਤੇ ਉਨ੍ਹਾਂ ਨੂੰ ਹਵਾਈ ਅੱਡੇ ਤਕ ਪਹੁੰਚਾਉਣ ਤੇ ਲਿਆਉਣ ਦੀ ਸੇਵਾ ਹਮੇਸ਼ਾਂ ਮੈਨੂੰ ਹੀ ਮਿਲਦੀ ਰਹੀ। ਸੰਤ ਜੀ ਸਹਿਜ ਸੁਭਾਅ ਆਪਣੀ ਮੌਜ ਵਿਚ ਸਾਡੇ ਪਰਿਵਾਰ ਤੇ ਕਾਰੋਬਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਿਆਂ 'ਅਸੀਸ' ਬਖਸ਼ ਦਿਆ ਕਰਦੇ ਸਨ। ਉਨ੍ਹਾਂ ਦੀਆਂ ਅਰਦਾਸਾਂ ਤੇ ਅਸੀਸਾਂ ਦੀ ਬਰਕਤ ਨਾਲ ਹੀ ਅਸੀਂ ਪਰਫੁਲਤ ਹੋਏ ਹਾਂ। ਵਿਸ਼ੇਸ਼ਤਾਂ ਇਹ ਕਿ ਸੰਤ ਜੀ ਸਾਡੀ ਬੇਨਤੀ ਕਰਨ ਤੇ ਅਰਦਾਸ ਨਹੀਂ ਕਰਿਆ ਕਰਦੇ ਸਨ।

## ਸੰਤ ਜੀ ਦਾ ਜੀਵਨ-ਸਫਰ

ਮਹਾਂਪੁਰਸ਼ ਸੰਤ ਕਰਤਾਰ ਸਿੰਘ ਖਾਲਸਾ ਜੀ ਦਾ ਜਨਮ ਸੰਨ 1932 ਈ:ਨੂੰ ਖਾਲਸਾ ਪੰਥ ਦੇ ਮਹਾਨ ਸੇਵਕ ਜਥੇਦਾਰ ਝੰਡਾ ਸਿੰਘ ਜੀ ਅਤੇ ਮਾਤਾ ਲਾਭ ਕੌਰ ਜੀ ਦੀ ਪਵਿਤ੍ਰ ਕੁੱਖੋਂ ਪਿੰਡ ਪੁਰਾਣੇ ਭੂਰੇ (ਭੂਰੇ ਕੋਹਨੇ) ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ ਵਿਚ ਹੋਇਆ, ਜੋ ਹੁਣ ਤਹਿਸੀਲ ਪੱਟੀ ਜਿਲ੍ਹਾ ਅਮ੍ਰਿਤਸਰ ਵਿਚ ਹੈ। ਗੁਰਬਾਣੀ ਦੇ ਨਿਤਨੇਮੀ, ਬੜੇ ਉੱਚੇ ਜੀਵਨ ਵਾਲੇ ਤੇ ਨਿੱਡਰ ਗੁਰਸਿੱਖ ਬਾਬਾ ਝੰਡਾ ਸਿੰਘ ਜੀ ਦੇ ਪ੍ਰਵਾਰ ਵਿੱਚ ਸਪੁੱਤਰ ਭਾਈ ਬਹਾਲ ਸਿੰਘ ਜੀ, ਭਾਈ ਅਜਮੇਰ ਸਿੰਘ ਜੀ, ਸੰਤ ਕਰਤਾਰ ਸਿੰਘ ਜੀ, ਭਾਈ ਦੀਦਾਰ ਸਿੰਘ ਜੀ, ਭਾਈ ਜਗਤਾਰ ਸਿੰਘ ਜੀ, ਭਾਈ ਬਲਕਾਰ ਸਿੰਘ ਜੀ ਤੇ ਦੋ ਪੁੱਤਰੀਆਂ ਬੀਬੀ ਗੁਰਦਿਆਲ ਕੌਰ ਤੇ ਬੀਬੀ ਤਾਰ ਕੌਰ ਜੀ ਹੋਈਆਂ।

ਇਸੇ ਪਿੰਡ ਦੇ ਬਾਬਾ ਬੱਗਾ ਸਿੰਘ ਜੀ ਪਾਸੋਂ ਖਾਲਸਾ ਜੀ ਨੇ ਗੁਰਮਤਿ ਦੀ ਮੁੱਢਲੀ ਵਿਦਿਆ ਗ੍ਰਹਿਣ ਕੀਤੀ। ਬਾਬਾ ਝੰਡਾ ਸਿੰਘ ਜੀ ਦੀ ਤੀਬਰ ਇੱਛਾ ਸੀ ਕਿ ਸਾਰਾ ਪ੍ਰਵਾਰ ਅੰਮ੍ਰਿਤਧਾਰੀ ਅਤੇ ਰਹਿਤ ਵਿਚ ਪ੍ਰਪੱਕ ਹੋਵੇ। ਇਸੇ ਕਰ ਕੇ ਸਾਰਾ ਪ੍ਰਵਾਰ ਸੰਤ ਕਰਤਾਰ ਸਿੰਘ ਜੀ ਪਾਸੋਂ ਗੁਰੂ ਪੰਥ ਦੇ ਅਣਖੀਲੇ ਯੋਧਿਆਂ, ਸੂਰਬੀਰਾਂ, ਬਹਾਦਰ ਸ਼ਹੀਦਾਂ ਦੇ ਪ੍ਰਸੰਗ ਚਹੁੰ ਸਾਹਿਬਜ਼ਾਦਿਆਂ ਦੀ ਸ਼ਹੀਦੀ, ਬਾਬਾ ਦੀਪ ਸਿੰਘ ਜੀ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸੰਮਣ ਤੇ ਮੂਸਣ, ਭਾਈ ਸ਼ਾਹਬਾਜ ਸਿੰਘ ਅਤੇ ਸੁਬੇਗ ਸਿੰਘ ਜੀ ਆਦਿ ਸ਼ਹੀਦਾਂ ਦੇ ਪ੍ਰਸੰਗ ਰਾਤ ਨੂੰ ਸਾਰੇ ਇਕੱਠਾ ਹੋ ਕੇ ਚਿੱਠਿਆਂ ਵਿਚੋਂ ਸੁਣਿਆ ਕਰਦੇ। ਗੁਰੂ ਮਹਾਰਾਜ ਜੀ ਦੀ ਮਿਹਰ ਦਾ ਸਦਕਾ ਛੇਤੀ ਹੀ ਇਹਨਾਂ ਨੂੰ ਪੰਜ ਬਾਣੀਆਂ ਕੰਠ ਹੋ ਗਈਆਂ। ਮੁੱਢਲੀ ਵਿਦਿਆ ਸਰਕਾਰੀ ਮਿਡਲ ਸਕੂਲ ਖੇਮਕਰਨ ਵਿਚੋਂ ਪ੍ਰਾਪਤ ਕੀਤੀ ਤੇ ਨੌਵੀਂ, ਦਸਵੀ ਇਕੋ ਸਾਲ ਵਿਚ ਨੈਸ਼ਨਲ ਹਾਈ ਸਕੂਲ ਭਿੱਖੀਵਿੰਡ ਅਤੇ ਐਫ.ਏ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। 1949 ਈ. ਵਿਚ (ਗੁਰਪੁਰ ਵਾਸੀ) ਭਗਤ ਉਜਾਗਰ ਸਿੰਘ ਜੀ ਕਾਹਨੇ ਵਾਲਿਆਂ (ਜੋ ਆਪ ਜੀ ਦੇ ਭੂਆ ਜੀ ਦੇ ਪੁੱਤਰ ਸਨ), ਨਾਲ ਭਿੰਡਰੀਂ ਪਹੁੰਚੇ ਅਤੇ ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਖਾਲਸਾ ਜੀ ਨਾਲ ਮੇਲ ਹੋਇਆ ਅਤੇ ਪੰਜਾਂ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ।

ਆਪ ਜੀ ਦੀ ਸ਼ਾਦੀ 18 ਸਾਲ ਦੀ ਉਮਰ ਵਿਚ ਹੋਈ ਅਤੇ ਦੋ ਭੁਜੰਗੀ ਭਾਈ ਅਮਰੀਕ ਸਿੰਘ (ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 1984 ਦੇ ਘੱਲੂਘਾਰੇ ਵਿੱਚ ਸ਼ਹੀਦੀ ਜਾਮ ਪੀ ਗਏ) ਤੇ ਭਾਈ ਮਨਜੀਤ ਸਿੰਘ ਹੋਏ। ਪਿਤਾ ਜੀ ਦੀ ਇੱਛਿਆ ਅਨੁਸਾਰ ਆਪ ਜੀ ਨੇ ਪੰਜ ਮਹੀਨੇ ਸ੍ਰੀ ਮੁਕਤਸਰ ਸਾਹਿਬ ਟੁੱਟੀ ਗੰਢੀ ਵਿਖੇ ਚੱਕਬੰਦੀ ਵਿਚ ਪਟਵਾਰੀ ਵਜੋਂ ਸਰਵਿਸ ਕਰਕੇ 1957 ਈ: ਵਿਚ ਅਸਤੀਫਾ ਦੇ ਕੇ ਪੱਕੇ ਤੌਰ ਤੇ 'ਖਾਲਸਾ' ਜੀ ਦੇ ਪਾਸ ਜਥੇ ਸੰਗਤ ਵਿਚ ਪੁੱਜੇ। 1958 ਈ: ਤੋਂ ਸੰਤ ਕਰਤਾਰ ਸਿੰਘ ਜੀ 'ਖਾਲਸਾ' ਤੇ ਬਾਬਾ ਠਾਕੁਰ ਸਿੰਘ ਜੀ ਗੜਵਈ ਦੇ ਤੌਰ ਤੇ ਖਾਲਸਾ ਜੀ ਦੀ ਸੇਵਾ ਕਰਦੇ ਰਹੇ। ਬ੍ਰਹਮ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਪ੍ਰਕਾਸ਼ ਗੁਰਪੁਰਬ ਵਾਲੇ ਪਵਿੱਤਰ ਦਿਹਾੜੇ 18-01-1967 ਈ: ਦਿਨ ਬੁੱਧਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਇਸ ਦਮਦਮੀ ਟਕਸਾਲ ਦੀ ਸੇਵਾ ਸਾਰੇ ਜਥੇ ਦੇ ਸਾਹਮਣੇ, ਦੀਵਾਨ ਵਿਚ ਆਪਣੇ ਹੱਥੀਂ ਸਿਰੋਪਾਓ ਦੇ ਕੇ ਸੰਤ ਕਰਤਾਰ ਸਿੰਘ ਜੀ ਨੂੰ ਬਖਸ਼ ਦਿੱਤੀ।

28 ਜੂਨ 1969 ਈ: ਵਿਚ ਬ੍ਰਹਮ ਗਿਆਨੀ 'ਖਾਲਸਾ' ਜੀ ਦੇ ਸੱਚਖੰਡ ਪਿਆਨਾ ਕਰ ਜਾਣ ਮਗਰੋਂ ਟਕਸਾਲ ਦੇ ਤੇਰਵੇਂ ਮੁੱਖੀ ਵਜੋਂ ਆਪ ਜੀ ਨੇ ਆਪਣੀ ਇਸ ਸੇਵਾ ਨੂੰ ਬੜੀ ਜ਼ਿੰਮੇਵਾਰੀ, ਦ੍ਰਿੜ੍ਹਤਾ ਤੇ ਪ੍ਰਪੱਕਤਾ ਨਾਲ ਨਿਭਾਇਆ।

ਸੰਤ ਕਰਤਾਰ ਸਿੰਘ ਜੀ ਨੇ ਬ੍ਰਹਮ ਗਿਆਨੀ ਗੁਰਬਚਨ ਸਿੰਘ ਜੀ ਦੇ ਸੱਖ ਖੰਡ ਪਿਆਨਾ ਕਰਨ ਦੀ ਯਾਦ ਵਿਚ ਨਗਰ ਮਹਿਤੇ ਵਿਖੇ 110 ਅਖੰਡ ਪਾਠ ਕੀਤੇ। ਮਹਿਤੇ ਵਿਖੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਤਿੰਨ ਸੌ ਸਾਲਾ ਸ਼ਹੀਦੀ ਗੁਰਪੁਰਬ ਦੇ ਸਬੰਧ ਵਿਚ 126 ਅਖੰਡ ਪਾਠ ਕਰਵਾਏ। ਇਸ ਦੇ ਨਾਲ-ਨਾਲ ਹੀ ਕੁੱਝ ਨਗਰਾਂ ਵਿਚ ਗੁਰਦੁਆਰੇ ਬਣਾਉਣ ਦੀ ਸੇਵਾ ਵੀ ਕਰਨੀ ਆਰੰਭ ਕੀਤੀ ਅਤੇ ਸਭ ਤੋਂ ਪਹਿਲਾਂ ਬਹੁਤ ਵੱਡਾ ਗੁਰਦੁਆਰਾ ਸਾਹਿਬ ਪਿੰਡ ਮਹਿਤਾ ਵਿਖੇ 'ਖਾਲਸਾ' ਜੀ ਦੇ 'ਸੱਚਖੰਡ ਗਮਨ ਅਸਥਾਨ' ਤੇ ਬਣਾਇਆ ਜਿਸ ਵਿਚ ਇਕ ਬਹੁਤ ਵੱਡਾ 'ਕੀਰਤਨ ਵਿਦਿਆਲਾ' ਕਾਇਮ ਕੀਤਾ ਜਿਸ ਦੇ 35 ਕਮਰੇ ਹਨ। ਇਸ ਵਿਦਿਆਲੇ ਦੀ ਪਹਿਲੀ ਮੰਜਿਲ ਦੀ ਛੱਤ 13 ਫੁੱਟ ਉਚੀ ਹੈ ਅਤੇ ਦੂਸਰੀ ਮੰਜਿਲ ਦੀ 12 ਫੁੱਟ ਹੈ। ਇਸ ਵਿਚ ਇਸ ਸਮੇਂ ਬੇਅੰਤ ਵਿਦਿਆਰਥੀ ਗੁਰੂ ਕੇ ਕੀਤਰਨ ਦੀ ਦਾਤ ਪ੍ਰਾਪਤ ਕਰ ਰਹੇ ਹਨ। ਇਹਨਾਂ ਨੂੰ ਕੀਰਤਨ ਵਿੱਦਿਆ ਸਿਖਾਉਣ ਲਈ ਸੁਲਝੇ ਤਜਰਬੇਕਾਰ, ਰਾਗ ਵਿੱਦਿਆ ਦੇ ਮਾਹਰ ਅਤੇ ਚੰਗੇ ਗੁਣਵਾਨ ਪ੍ਰਿੰਸੀਪਲ ਨੀਯਤ ਕੀਤੇ ਹੋਏ ਹਨ। ਵਿਦਿਆਰਥੀਆਂ ਦੇ ਲੰਗਰ, ਕਪੜੇ, ਸਾਜ਼, ਰਿਹਾਇਸ਼ ਆਦਿ ਦਾ ਸਾਰਾ ਖ਼ਰਚ ਜਥੇ ਵਲੋਂ ਕੀਤਾ ਜਾਂਦਾ ਹੈ। ਇਥੇ ਹੀ ਲੰਗਰ ਦੀ ਬਹੁਤ ਵੱਡੀ ਇਮਾਰਤ ਬਣਾਈ ਹੈ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਇਕੋ ਸਮੇਂ ਲੰਗਰ ਛਕ ਸਕਦੀ ਹੈ।

ਸੰਤ ਜੀ ਨੇ ਥਾਂ ਥਾਂ ਤੇ ਪੁੱਜ ਕੇ ਬਹੁਤ ਤੇਜ਼ੀ ਨਾਲ ਗੁਰਮਤਿ ਦਾ ਪ੍ਰਚਾਰ ਕਰਕੇ ਅਤੇ ਹਜ਼ਾਰਾਂ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਗੁਰੂ ਵਾਲੇ ਬਣਾਇਆ ਅਤੇ ਹਜ਼ਾਰਾਂ ਪ੍ਰਾਣੀਆਂ ਨੂੰ ਸ਼ਰਾਬ ਛੱਡਣ ਦੇ ਪ੍ਰਣ ਕਰਵਾ ਕੇ ਤੇ ਹਜ਼ਾਰਾਂ ਦੇ ਦਾੜ੍ਹੀ ਕੇਸ ਰਖਵਾ ਕੇ ਗੁਰਮਤਿ ਵਾਲੇ ਪਾਸੇ ਲਾਇਆ।

3 ਅਗਸਤ 1977 ਈ: ਨੂੰ ਸੰਤ ਜੀ ਧਰਮ ਪ੍ਰਚਾਰ ਵਾਸਤੇ ਜ਼ਿਲ੍ਹਾ ਜਲੰਧਰ ਦੇ ਪਿੰਡ ਮਲਸੀਹਾਂ ਤੋਂ ਸ਼ਿਮਲੇ ਨੂੰ ਜਾ ਰਹੇ ਸਨ ਤਾਂ ਰਸਤੇ



**ਪ੍ਰਬੰਧਕ: ਜਥੇਦਾਰ ਜਰਨੈਲ ਸਿੰਘ, ਸ੍ਰ. ਪ੍ਰਭਜੀਤ ਸਿੰਘ, ਭਾਈ ਪ੍ਰਕਾਸ਼ ਸਿੰਘ, ਬਾਬਾ ਅਜੀਤ ਸਿੰਘ**

ਵਿਚ ਫਿਲੌਰ ਤੋਂ ਅੱਗੇ ਲੁਧਿਆਣਾ ਸ਼ਹਿਰ ਦੇ ਨੇੜੇ ਅੱਡਾ ਹੁਸੈਨਪੁਰ ਦੇ ਸਾਹਮਣੇ ਆਪ ਜੀ ਦੀ ਕਾਰ ਤੂਤ ਦੇ ਦਰਖਤ ਨਾਲ ਜਾ ਵੱਜੀ ਜਿਸ ਕਰਕੇ ਆਪ ਜੀ ਸਖਤ ਜ਼ਖਮੀ ਹੋ ਗਏ। ਆਪ ਜੀ ਨੂੰ ਲੁਧਿਆਣੇ ਦੇ ਮਿਸ ਬਰਾਊਨ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਆਪ ਜੀ 16 ਅਗਸਤ 1977 ਈ:ਨੂੰ ਸੱਚਖੰਡ ਜਾ ਬਿਰਾਜੇ। ਆਪ ਜੀ ਦੇ ਸਰੀਰ ਦਾ ਸਸਕਾਰ 17 ਅਗਸਤ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਕੀਤਾ ਗਿਆ ਜਿੱਥੇ ਹੁਣ ਥੜ੍ਹੇ ਸਾਹਿਬ ਉਪਰ ਆਪ ਜੀ ਦੀ ਯਾਦ ਵਿਚ ਛੋਟਾ ਨਿਸ਼ਾਨ ਸਾਹਿਬ ਸੁਸ਼ੋਭਿਤ ਹੈ। ਆਪ ਜੀ ਦੀ ਸਾਲਾਨਾ ਬਰਸੀ ਹਰ ਸਾਲ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਬੜੀ ਧੂਮ ਧਾਮ ਨਾਲ ਮਨਾਈ ਜਾਂਦੀ ਹੈ।

**ਜੀਵਨ ਸਫਰ ਦੀਆਂ ਅਭੁਲ ਯਾਦਾਂ**

**ਜਥੇ ਦੀ ਬਣਤਰ:** ਜਥੇ ਵਿਚ ਸਕੂਲਾਂ ਵਾਂਗ ਵੱਖ-ਵੱਖ ਸੈਕਸ਼ਨ ਬਣੇ ਹੋਏ ਹਨ। ਜਿਹੜੇ ਸਿੰਘਾਂ ਨੂੰ ਜਥੇ ਵਿਚ ਰਹਿੰਦਿਆਂ ਕਾਫੀ ਸਮਾਂ ਹੋ ਜਾਂਦਾ ਹੈ ਤੇ ਜੋ ਗੁਰਮਤਿ ਦੀ ਪੜ੍ਹਾਈ, ਪਾਠਾਂ ਦੇ ਭੇਦ, ਸੁੱਧ ਉਚਾਰਨ ਅਤੇ ਗੁਰਬਾਣੀ ਦੇ ਅਰਥਾਂ ਤੋਂ ਚੰਗੀ ਤਰ੍ਹਾਂ ਜਾਣੂ ਹੁੰਦੇ ਹਨ, ਉਨ੍ਹਾਂ ਪਾਸ 8-8 ਜਾਂ 10-10 ਵਿਦਿਆਰਥੀ ਹੁੰਦੇ ਹਨ। ਜਥੇ ਵਿਚ ਕਾਫੀ ਪੜ੍ਹੇ ਲਿਖੇ ਸਿੰਘ ਵੀ ਆਉਂਦੇ ਹਨ। ਹਰ ਨਵੇਂ ਸ਼ਾਮਲ ਹੋਏ ਸਿੰਘ ਨੂੰ ਸਭ ਤੋਂ ਪਹਿਲਾਂ ਅੰਮ੍ਰਿਤ ਛਕਾ ਕੇ ਪੰਜ ਬਾਣੀਆਂ ਦੇ ਨਿਤਨੇਮ ਦੀ ਸੰਥਿਆ ਕਰਵਾਈ ਜਾਂਦੀ ਹੈ। ਫਿਰ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵਯੇ, ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ, ਵੇਦਾਂਤ ਦੀਆਂ ਪੁਸਤਕਾਂ ਜਿਹਾ ਕਿ ਸਾਰੁਕਤਾਵਲੀ, ਭਾਵਰਸਿੰਮ੍ਰਿਤ, ਵਿਚਾਰਮਾਲਾ, ਅਧਿਆਤਮ ਪ੍ਰਕਾਸ਼, ਵਿਚਾਰ ਸਾਗਰ, ਚਣਾਕਾ, ਮੋਖਸ਼ ਪੰਥ, ਬ੍ਰਿਤੀ ਪ੍ਰਭਾਕਰ ਆਦਿ ਗੂਹਜ ਅਤੇ ਪ੍ਰਤੀਕਾਤਮਕ ਭਾਵਾਂ ਨੂੰ ਸਮਝਣ ਲਈ ਪੜ੍ਹਾਏ ਜਾਂਦੇ ਹਨ। ਇਕ ਅਧਿਆਪਕ ਵਾਂਗ ਸੰਤ ਜੀ ਬੋਰਡ ਤੇ ਲਿਖ ਲਿਖ ਕੇ ਸਮਝਾਉਂਦੇ ਸਨ। ਗੁਰਬਾਣੀ ਦੀ ਸੰਥਿਆ ਦਿੱਤੀ ਜਾਂਦੀ ਹੈ। ਉਸ ਵਿਚ ਲਗਾਂ ਮਾਤਰਾਂ ਅਤੇ ਸੁੱਧ ਉਚਾਰਨ ਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ।

ਮਹਾਂਪੁਰਖਾਂ ਦਾ ਜੀਵਨ ਚੁੰਬਕ ਵਰਗਾ ਸੀ। ਆਪ ਨਾਮ ਬਾਣੀ ਦੇ ਰਸੀਏ ਤੇ ਸਿਮਰਨ ਭਜਨ ਵਿਚ ਲਿਵਲੀਨ ਰਹਿੰਦੇ ਸਨ। ਹਰ ਸਮੇਂ ਸਿੱਖੀ ਦੇ ਪਰਚਾਰ, ਪੰਥ ਤੇ ਕੌਮ ਦੀ ਚੜ੍ਹਦੀ ਕਲਾ ਵਾਸਤੇ ਸੋਚਦੇ ਤੇ ਵਿਚਾਰਾਂ ਕਰਦੇ ਰਹਿੰਦੇ ਸਨ ਕਿ ਸਾਡੀ ਕੌਮ ਗੁਰਸਿੱਖੀ ਤੋਂ ਕਿਉਂ ਪਾਸੇ ਜਾ ਰਹੀ ਹੈ? ਕੀ ਅੱਜ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿੱਖ ਭੁੱਲ ਗਏ ਹਨ? ਕੀ ਗੁਰੂ ਸਾਹਿਬਾਂ ਵੱਲੋਂ ਕੀਤੇ ਪਰਉਪਕਾਰ ਅੱਖੋਂ ਓਹਲੇ ਕੀਤੇ ਗਏ ਹਨ? ਕੀ ਅੱਜ ਸਿੱਖ ਮੁਸਲਮਾਨਾਂ ਦੀ ਈਨ ਮੰਨਣ ਲਈ ਤਿਆਰ ਹੋ ਗਏ ਹਨ ਜੋ ਅੱਜ ਤੋਂ 300 ਸਾਲ ਪਹਿਲਾਂ ਐਸੇ ਮੁਸੀਬਤਾਂ ਦੇ ਦਿਨਾਂ ਵਿਚ ਵੀ ਨਾ ਮੰਨੀ? ਸਿਆਣੇ ਸਿੰਘਾਂ ਨਾਲ ਆਪ ਹਰ ਰੋਜ਼ ਵਿਚਾਰਾਂ ਕਰਦੇ ਰਹਿੰਦੇ ਸਨ ਕਿ ਕਿਵੇਂ ਗੁਰਸਿੱਖੀ ਦੇ ਪਰਚਾਰ ਨੂੰ ਘਰ ਘਰ ਪਹੁੰਚਾਇਆ ਜਾਵੇ? ਰਾਤ ਦੇ 12:00-01:00 ਵਜੇ ਤੱਕ ਰੋਜ਼ਾਨਾ ਕੰਮ ਕਰਨਾ ਅਤੇ ਸਵੇਰੇ 4:00 ਵਜੇ ਉਠਣਾ ਇਨ੍ਹਾਂ ਦਾ ਨਿਤਨੇਮ ਸੀ। ਪੰਜ ਛੋਟੇ ਜਥੇ (ਜਿਨ੍ਹਾਂ ਵਿਚ ਇਕ ਗਿਆਨੀ, ਇਕ ਰਾਗੀ ਜਥਾ ਤੇ ਪੰਜ ਪਿਆਰੇ ਹੋਣ) ਬਣਾ ਕੇ ਬਾਹਰ ਪਰਚਾਰ, ਕੀਰਤਨ ਤੇ ਅੰਮ੍ਰਿਤ ਸੰਚਾਰ ਕਰਨ ਵਾਸਤੇ ਭੇਜੇ ਜਾਂਦੇ ਅਤੇ ਹਫਤੇ ਬਾਅਦ ਆ ਕੇ ਉਹ ਸਾਰੀ ਰੀਪੋਰਟ ਦੇਂਦੇ।

ਪ੍ਰਧਾਨ ਸ੍ਰ.ਨਿਰਮਲ ਸਿੰਘ ਜੀ ਨੇ ਦੱਸਿਆ ਕਿ ਮੈਂ ਬਹੁਤੀ ਵੇਰ ਮਹਾਂਪੁਰਖਾਂ ਕੋਲੋਂ ਇਹ ਲਫ਼ਜ਼ ਆਮ ਸੁਣਦਾ ਸਾਂ ਕਿ ਸਿੰਘੋ ਰੱਬ ਨੇ ਤੁਹਾਨੂੰ ਸੋਹਣੇ ਸਰੀਰ ਦਿੱਤੇ, ਚੰਗਾ ਖਾਣ ਨੂੰ ਦਿੱਤਾ ਤੇ ਸਭ ਤੋਂ ਵਧ ਕੇ ਸਿੰਘਾਂ ਦੇ ਘਰ ਦਾ ਜਨਮ ਦਿੱਤਾ ਤੇ ਫੇਰ ਆਪਾਂ ਨੂੰ ਨੀਂਦ ਜਾਂ ਆਲਸ ਆਵੇ ਤੇ ਇਕ ਇਕ ਪਲ ਸਿੱਖੀ ਪ੍ਰਚਾਰ ਵਾਸਤੇ ਨਾ ਲਾਈਏ ਤਾਂ ਆਪਾਂ ਨੂੰ ਜੀਉਣ ਦਾ ਹੱਕ ਨਹੀਂ ਹੈ।



**300 ਸਾਲਾ ਸ਼ਹੀਦੀ ਦਿਵਸ:-** ਜੱਗ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੀ ਪਵਿੱਤਰ ਯਾਦ ਵਿਚ ਕਈ ਸੰਸਥਾਵਾਂ ਨੇ ਕਾਲਜ, ਗੁਰਦੁਆਰੇ, ਹਸਪਤਾਲ ਯਾਦਗਾਰੀ ਹਾਲ ਤੇ ਵੱਡੀਆਂ ਵੱਡੀਆਂ ਬਿਲਡਿੰਗਾਂ ਬਣਾਈਆਂ ਪਰ ਸੰਤਾਂ ਨੇ ਕਿਹਾ ਕਿ ਸਿੱਖ ਧਰਮ ਵਿਚ ਪਰਚਾਰ ਦੀ ਬਹੁਤ ਘਾਟ ਹੈ, ਪ੍ਰਚਾਰਕ ਵੀ ਬਹੁਤ ਹਨ ਪਰ ਅਸਲੀਅਤ ਵਿਚ ਪ੍ਰਚਾਰਕਾਂ ਦੇ ਜੀਵਨ ਦੀ ਕਮੀ ਹੈ। ਇਸ ਤਰ੍ਹਾਂ ਫੈਸਲਾ ਕਰ ਲਿਆ ਕਿ ਕੋਈ ਬੇਅੰਮ੍ਰਿਤੀਆ, ਧਾਰਮਿਕ ਸਟੇਜ ਤੇ ਨਹੀਂ ਬੋਲਣ ਦੇਣਾ ਅਤੇ ਪਰਚਾਰਕਾਂ ਦਾ ਜੀਵਨ ਸੁਧਾਰਨਾ ਹੈ, ਤਾਂ 35 ਢਾਡੀ, ਕਵੀ ਜਥਿਆਂ ਨੇ ਸੁਧਾਈ ਕਰਵਾਈ ਤੇ ਅੰਮ੍ਰਿਤ ਪਾਨ ਕੀਤਾ। ਐਮਰਜੈਂਸੀ ਦੌਰਾਨ ਵੱਖ ਵੱਖ ਥਾਵਾਂ ਤੋਂ 37 ਮਹਾਨ ਜਲੂਸ ਕੱਢੇ। ਲੱਖਾਂ ਸੰਗਤਾਂ ਨੂੰ ਪ੍ਰਣ ਕਰਵਾਏ ਕਿ ਦੇਹਧਾਰੀ ਪਖੰਡੀਆਂ ਦੇ ਮਗਰ ਨਹੀਂ ਲੱਗਣਾ, ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਹੀ ਮੰਨਣਾ ਹੈ।

**ਡੀ.ਸੀ ਨੂੰ ਠੋਕਵਾਂ ਉੱਤਰ:-** ਗੁਰਦਾਸਪੁਰ ਦੇ ਡੀ.ਸੀ ਸ੍ਰ.ਨਿਰੰਜਣ ਸਿੰਘ ਨੇ ਨਿਰੰਕਾਰੀ ਹੋਣ ਕਾਰਨ ਸਿੰਘਾਂ ਵਿਚ ਕਾਫੀ ਦਹਿਸ਼ਤ ਫੈਲਾਈ ਹੋਈ ਸੀ। ਸੰਤਾਂ ਨੇ ਉਥੇ ਉਚੇਚਾ ਵਿਸ਼ਾਲ ਨਗਰ-ਕੀਰਤਨ ਦਾ ਪ੍ਰੋਗਰਾਮ ਬਣਾਇਆ। ਐਮਰਜੈਂਸੀ ਕਰਕੇ ਡੀ.ਸੀ ਨੇ ਬਹੁਤ ਅੜਿੱਚਨਾਂ ਪਾਈਆਂ ਪਰ ਉਸ ਦੀ ਕੋਈ ਪਰਵਾਹ ਨਾ ਕਰਦੇ ਹੋਏ ਸੰਤ ਜੀ ਨੇ ਵਿਸ਼ਾਲ ਨਗਰ-ਕੀਰਤਨ ਕੱਢਿਆ। ਨਗਰ-ਕੀਰਤਨ ਤੋਂ ਪਹਿਲੀ ਰਾਤ 10:00 ਵਜੇ ਪੁਲੀਸ ਅਫਸਰ ਸੰਤਾਂ ਪਾਸ ਇਕ ਸਰਕਾਰੀ ਖਤ ਲੈ ਕੇ ਆਏ ਕਿ ਸਵੇਰੇ 9:00 ਵਜੇ ਵੱਡੀ ਸੜਕ ਵੇਹਲੀ ਹੋਣੀ ਚਾਹੀਦੀ ਹੈ। ਇਸ ਲਈ ਨਗਰ-ਕੀਰਤਨ ਪਹਿਲਾਂ ਪਹਿਲਾਂ ਲੰਘਾ ਲਵੋ ਕਿਉਂਕਿ ਕੇਂਦਰ ਤੇ ਪੰਜਾਬ ਦੇ ਮਨਿਸਟਰ ਆ ਰਹੇ ਹਨ ਤਾਂ ਸੰਤਾਂ ਨੇ ਉੱਤਰ ਦਿੱਤਾ, ਦੋਹਾਂ ਮਨਿਸਟਰਾਂ ਨੂੰ ਕਹਿ ਦੇਵੋ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਮਹਾਨ ਨਗਰ-ਕੀਰਤਨ ਆ ਰਿਹਾ ਹੈ ਅਤੇ ਮਨਿਸਟਰ ਸੜਕ ਦੇ ਕਿਨਾਰੇ ਹੋ ਕੇ ਦੋਵੇਂ ਹੱਥ ਜੋੜ ਕੇ ਖੜੋ ਜਾਣ ਤੇ ਸੜਕ ਖਾਲੀ ਕਰ ਦੇਣ। ਇਹ ਉੱਤਰ ਸੀ ਜੋ ਐਮਰਜੈਂਸੀ ਸਮੇਂ ਸੰਤਾਂ ਵੱਲੋਂ ਸਰਕਾਰ ਨੂੰ ਦਿੱਤਾ ਗਿਆ।

**ਰਿਵਾਲਵਰ ਦਾ ਲਾਇਸੰਸ:-** ਇਸੇ ਸੰਬੰਧ ਵਿਚ ਸ੍ਰ. ਨਿਰਮਲ ਸਿੰਘ ਪ੍ਰਧਾਨ ਜੀ ਨੇ ਇਕ ਹੋਰ ਮਹੱਤਵਪੂਰਨ ਘਟਨਾ ਦਸੀ। ਸੰਤਾਂ ਨੇ ਆਪਣੇ ਰਿਵਾਲਵਰ ਦਾ ਲਾਇੰਸਸ ਰੀਨਿਊ ਕਰਵਾਉਣ ਲਈ ਬਟਾਲੇ ਦੇ ਐਸ.ਪੀ ਪਾਸੋਂ ਲੋੜੀਦੇ ਕਾਗਜਾਂ ਤੇ ਦਸਤਖ਼ਤ ਕਰਵਾਉਣ ਲਈ ਉਹਨਾਂ ਨੇ ਮੇਰੀ ਡਿਊਟੀ ਲਗਾ ਦਿੱਤੀ। ਪਰ ਮੈਨੂੰ ਐਸ.ਪੀ ਬਟਾਲਾ ਨੇ ਦੱਸਿਆ ਕਿ ਉਸਨੂੰ ਤਾਂ ਡੀ.ਸੀ ਗੁਰਦਾਸਪੁਰ ਨੇ ਸੰਤਾਂ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਹੋਇਆ ਹੈ। ਇਸ ਲਈ ਉਹ ਕਾਗਜਾਂ ਤੇ ਦਸਤਖ਼ਤ ਨਹੀਂ ਕਰ ਸਕਦਾ। ਪਰ ਜਥੇਦਾਰ ਸੰਤੋਖ ਸਿੰਘ ਨੇ ਉਸ ਐਸ.ਪੀ ਪਾਸੋਂ ਕਾਗਜਾਂ ਤੇ ਦਸਤਖ਼ਤ ਕਰਵਾਕੇ ਸੰਤ ਜੀ ਦੇ ਲਿਵਾਲਵਰ ਦਾ ਲਾਇਸੰਸ ਰੀਨਿਊ ਕਰ ਦਿੱਤਾ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਰਬੋਤਮ:-** ਇਕ ਸਮੇਂ ਲੁਧਿਆਣੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੈਰੀਟੇਬਲ ਹਸਪਤਾਲ ਦੀ ਨੀਂਹ ਰੱਖਣ ਵਾਸਤੇ ਸੰਤਾਂ ਨੂੰ ਬੁਲਾਇਆ ਗਿਆ। ਜਦ ਸੰਤ ਜੀ ਉਥੇ ਬੱਸ ਰਾਹੀਂ ਪੁੱਜੇ ਤਾਂ 15-20 ਪ੍ਰਬੰਧਕ ਸੱਜਣ ਦੀਵਾਨ ਵਿਚੋਂ ਉੱਠ ਕੇ ਸਿਹਰੇ ਲੈ ਕੇ ਸਵਾਗਤ ਕਰਨ ਲਈ ਬਾਹਰ ਆਏ ਤਾਂ ਸੰਤ ਜੀ ਵਾਪਸ ਮੁੜ ਪਏ ਅਤੇ ਮਗਰ ਜਾ ਕੇ ਪ੍ਰਬੰਧਕ ਸੱਜਣਾਂ ਨੇ ਜਦ ਕਾਰਨ ਪੁੱਛਿਆ ਤਾਂ ਸੰਤਾਂ ਨੇ ਉੱਤਰ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਾਜ਼ਰੀ ਵਿਚੋਂ ਉੱਠ ਕੇ ਕਿਸੇ ਇਕ ਵਿਅਕਤੀ ਦਾ ਸਤਿਕਾਰ ਕਰਨਾ ਸੱਚੇ ਪਾਤਿਸ਼ਾਹ ਜੀ ਦੇ ਸਤਿਕਾਰ ਵਿੱਚ ਬਹੁਤ ਵੱਡਾ ਫ਼ਰਕ ਪਾਉਣ ਵਾਲੀ ਗੱਲ ਹੈ। ਇਸ ਤੇ ਉਹਨਾਂ ਨੇ ਸਾਰੇ ਸੱਜਣਾਂ ਨੂੰ ਦੀਵਾਨ ਵਿਚ ਭੇਜਿਆ ਤੇ ਆਪ ਇਕੱਲੇ ਹੀ ਬਾਅਦ ਵਿਚ ਮੱਥਾ ਟੇਕਣ ਗਏ। ਦੀਵਾਨ ਵਿਚ ਵੀ ਸਾਰੀ ਸੰਗਤ ਨੂੰ ਦੱਸਿਆ ਕਿ ਅੱਗੇ ਵਾਸਤੇ ਭਾਵੇਂ ਕਿੱਡਾ ਵੀ ਵੱਡਾ ਕੋਈ ਮਹਾਤਮਾ ਜਾਂ ਲੀਡਰ ਕਿਉਂ ਨਾ ਆਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚੋਂ ਉੱਠ ਕੇ ਉਸ ਦਾ ਸਤਿਕਾਰ ਨਹੀਂ ਕਰਨਾ, ਕਿਉਂਕਿ ਇਹ ਗੱਲ ਗੁਰਮਤਿ ਦੇ ਉਲਟ ਹੈ। ਪਰ ਅਫਸੋਸ ਹੈ ਕਿ ਸੰਤ ਜੀ ਵਲੋਂ ਦਰਸਾਏ ਇਸ ਮਾਰਗ ਦੇ ਉਲਟ ਪ੍ਰਬੰਧਕਾਂ ਵਿਚ ਵਿਸ਼ੇਸ਼ ਮਹਿਮਾਨਾਂ ਨੂੰ ਸਤਿਕਾਰ ਦੇਣ ਦੀ ਹੋੜ ਲੱਗ ਜਾਂਦੀ ਹੈ।

**ਬੱਸ ਅਤੇ ਭੇਟਾ ਲੈਣ ਤੋਂ ਇਨਕਾਰ:-** ਬੰਬਈ ਦੀ ਟਰੱਕ ਯੂਨੀਅਨ ਨੇ ਸੰਤ ਜੀ ਵਾਸਤੇ ਇਕ ਬਹੁਤ ਸੁੰਦਰ ਬੱਸ ਤਿਆਰ ਕਰਕੇ ਭੇਂਟ ਕਰਨ ਲਈ ਲਿਆਂਦੀ। ਪਰ ਯੂਨੀਅਨ ਦੇ ਸਾਰੇ ਮੈਂਬਰ ਦਾੜ੍ਹੀ ਕੁਤਰੇ ਸਨ ਜਿਸ ਕਰਕੇ ਸੰਤਾਂ ਨੇ ਬੱਸ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਆਖਿਆ ਕਿ ਪਤਿਤ ਸਿੱਖਾਂ ਦਾ ਦਾਨ ਸਿੱਖੀ ਦੇ ਪ੍ਰਚਾਰ ਨੂੰ ਪ੍ਰਫੁਲਿਤ ਨਹੀਂ ਕਰ ਸਕਦਾ। ਯੂਨੀਅਨ ਦੇ ਮੈਂਬਰਾਂ ਨੇ ਪੂਰੀ ਰਹਿਤ ਰੱਖਣ ਦਾ ਪ੍ਰਣ ਕੀਤਾ ਅਤੇ ਅੰਮ੍ਰਿਤਪਾਨ ਕਰ ਲਿਆ। ਸੰਤ ਜੀ ਨੇ ਇਕ ਮਹੀਨੇ ਬਾਅਦ ਉਸ ਸਮੇਂ ਬੱਸ ਲੈਣੀ ਪ੍ਰਵਾਨ ਕੀਤੀ ਜਦੋਂ ਉਹਨਾਂ ਦੇ ਸਾਰੇ ਮੈਂਬਰ ਸਿੱਖੀ ਸਰੂਪ ਵਿਚ ਅੰਮ੍ਰਿਤਧਾਰੀ ਬਾਣੇ ਵਿਚ ਵੇਖੇ।

ਇਸੇ ਤਰ੍ਹਾਂ ਕਾਨਪੁਰ ਦੀ ਸੰਗਤ ਆਪ ਜੀ ਨੂੰ ਮਿਲਣ ਆਈ ਤਾਂ ਸੰਗਤ ਨਾਲ ਆਏ ਗੁਰਦੁਆਰਾ ਸਾਹਿਬ ਕਾਨਪੁਰ ਦੇ ਪ੍ਰਧਾਨ ਨੇ ਵੀ ਸੰਤਾਂ ਅੱਗੇ ਮਾਇਆ ਦਾ ਇਕ ਬਹੁਤ ਮੋਟਾ ਸਾਰਾ ਲਿਫਾਫਾ ਭੇਂਟ ਕੀਤਾ ਸੰਤ ਜੀ ਨੇ ਪ੍ਰਧਾਨ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਅੰਮ੍ਰਿਤਪਾਨ ਕੀਤਾ ਹੈ? ਪ੍ਰਧਾਨ ਜੀ ਦਾ ਉਤਰ ਸੀ ਜੀ ਨਹੀਂ। ਸੰਤਾਂ ਨੇ ਫਿਰ ਪੁੱਛਿਆ ਕਿ ਤੁਸੀਂ ਨਿਤਨੇਮ ਕਰਦੇ ਹੋ? ਉਤਰ ਸੀ ਕਿ ਜੀ ਸਮਾਂ ਨਹੀਂ ਮਿਲਦਾ। ਇਸਤੇ ਸੰਤਾਂ ਨੇ ਖਿਝ ਕੇ ਉਸਦਾ ਭੇਂਟ ਕੀਤਾ ਲਿਫਾਫਾ ਸੇਵਾਦਾਰ ਨੂੰ ਆਖਕੇ ਵਾਪਿਸ ਕਰ ਦਿੱਤਾ ਕਿ ਮੈ ਅਜਿਹੇ ਨਾਸਤਿਕ ਪਾਸੋਂ ਭੇਟਾ ਨਹੀਂ ਲੈ ਸਕਦਾ ਅਤੇ ਸੰਗਤ ਨੂੰ ਹੁਕਮ ਕੀਤਾ ਕਿ ਉਹ ਇਸ ਪ੍ਰਧਾਨ ਨੂੰ ਗੁਰਦੁਆਰਾ ਸਾਹਿਬ ਦੀ ਸੇਵਾ ਤੋਂ ਹਟਾ ਕੇ ਕੋਈ ਸਿੱਖੀ ਸਰੂਪ ਵਾਲਾ ਅੰਮ੍ਰਿਤਧਾਰੀ ਸਿੰਘ ਪ੍ਰਧਾਨ ਬਣਾਉਣ।

**ਇੰਦਰਾ ਗਾਂਧੀ ਸਾਹਮਣੇ ਦਲੇਰੀ:-** 7 ਦਸੰਬਰ 1975 ਵਾਲੇ ਦਿਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿਚ ਰਾਮ ਲੀਲ੍ਹਾ ਗਰਾਊਂਡ ਦਿੱਲੀ ਵਿਖੇ ਜਲੂਸ ਪੁੱਜਾ ਤਾਂ ਲਗਭਗ 22 ਲੱਖ ਦੇ ਇਕੱਠ ਵਿਚ ਜਦ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸਟੇਜ ਤੇ ਆਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠਿਆਂ ਸਭ ਨੇ ਸਟੇਜ ਤੋਂ ਉੱਠ ਕੇ ਉਸਦਾ ਸਵਾਗਤ ਕੀਤਾ। ਪਰ ਸੰਤ ਜੀ ਸਟੇਜ ਤੇ ਇਕੱਲੇ ਹੀ ਬੈਠੇ ਰਹੇ ਅਤੇ ਸਟੇਜ ਤੇ ਹੀ ਇਸ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ। ਕੁਝ ਲੀਡਰਾਂ ਨੇ ਚਾਪਲੂਸੀ ਵਿਚ ਏਥੋਂ ਤੱਕ ਕਿਹਾ ਕਿ ਸਾਡੀ ਬੇਨਤੀ ਹੈ ਕਿ ਜਿਵੇਂ ਪਹਿਲਾਂ ਪ੍ਰਧਾਨ ਮੰਤਰੀ ਜੀ ਨੇ ਪੰਜਾਬ ਵਿਚ ਰਿਸ਼ਤੇਦਾਰੀ ਪਾਈ ਹੈ ਉਸੇ ਤਰ੍ਹਾਂ ਦੂਜੇ ਲੜਕੇ ਦੀ ਸ਼ਾਦੀ ਵੀ ਪੰਜਾਬ ਵਿਚ ਕੀਤੀ ਜਾਵੇ ਅਤੇ ਇਹ ਸ਼ਬਦ ਵੀ ਕਹੇ ਕਿ ਜਿਸ ਦਿੱਲੀ ਦੇ ਤਖ਼ਤ ਤੋਂ ਸਿੱਖਾਂ ਨੂੰ ਫਤਵੇ ਦਿੱਤੇ ਜਾਂਦੇ ਸਨ, ਉਹੋ ਤਖ਼ਤ ਅੱਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੀਸ ਨਿਵਾਉਣ ਆਇਆ ਹੈ।

**ਸੰਤਾਂ ਦੇ ਬੋਲਣ ਦਾ ਸਮਾਂ ਪ੍ਰਧਾਨ ਮੰਤਰੀ ਜੀ ਤੋਂ ਬਾਅਦ ਸੀ:-**
**ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ'।**
**ਸੰਤ ਜੀ ਨੇ ਇਸ ਨਾਹਰੇ ਤੋਂ ਪ੍ਰਚਾਰ ਸ਼ੁਰੂ ਕੀਤਾ ਅਤੇ**
**ਰਹਿਤਨਾਮੇ ਦੇ ਇਹ ਬਚਨ ਸੁਣਾਏ:-**
**ਕੰਨਿਆ ਦੇਵਹਿ ਸਿਖ ਕਉ, ਲਵਹਿ ਨਹਿ ਕਿਛੁ ਦਾਮ।**
**ਸੋਈ ਮੇਰਾ ਸਿਖ ਹੁਇ, ਲੈ ਪਹੁੰਚੇ ਮਮ ਧਾਮ।**

ਅਤੇ ਖੰਡਨ ਕੀਤਾ ਕਿ ਪਹਿਲਾਂ ਰਾਜਪੂਤ ਰਾਜੇ ਧੀਆਂ ਦੇ ਦੇ ਕੇ ਰਾਜ ਕਰਦੇ ਸਨ। ਅੱਜ ਸਾਨੂੰ ਸਿੱਖਾਂ ਨੂੰ ਲਾਹਨਤ ਹੈ ਜੇ ਉਨ੍ਹਾਂ ਦੀ ਰੀਸ ਕਰੀਏ। ਇਸ ਲਈ ਮੋਨੇ ਪਤਿਤ ਵੱਲ ਕਿਸੇ ਸਿੱਖ ਨੂੰ ਬੀਬੀ ਦਾ ਰਿਸ਼ਤਾ ਨਹੀਂ ਕਰਨਾ ਚਾਹੀਦਾ। ਦੂਜੀ ਗੱਲ ਦਾ ਉੱਤਰ ਦਿੰਦੇ ਹੋਏ ਕਿਹਾ ਕਿ ਦਿੱਲੀ ਦਾ ਤਖ਼ਤ ਦਿਵਾਇਆ ਕਿਸ ਨੇ? ਜੇਕਰ ਨੌਵੇਂ ਪਾਤਿਸ਼ਾਹ ਜੀ ਕੁਰਬਾਨੀ ਨਾ ਕਰਦੇ ਤਾਂ ਦਿੱਲੀ ਦੇ ਤਖ਼ਤ ਦੀ ਰੂਪ-ਰੇਖਾ ਹੋਰ ਹੀ ਹੁੰਦੀ। ਪ੍ਰਧਾਨ ਮੰਤਰੀ ਸਾਹਿਬ ਸਾਡੇ ਸਤਿਕਾਰ ਯੋਗ ਹਨ, ਪਰ ਜਿੰਨੇ ਸਰੀਰ ਦੇ ਰੋਮ ਹਨ ਉਤਨੀ ਵੇਰ ਸਿਰ ਵੱਢ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਕਰਨ ਤਾਂ ਵੀ ਗੁਰੂ ਸਾਹਿਬ ਦੀ ਕੁਰਬਾਨੀ ਦਾ ਦੇਣ ਨਹੀਂ ਦੇ ਸਕਦੇ। ਇਹ ਝੂਠੀ ਸਿਫਤ ਨਹੀਂ, ਸਾਰੀ ਸਿੱਖ ਕੌਮ ਵਾਸਤੇ ਇਕ ਗਾਈਡ ਲਾਈਨ ਹੈ। ਭਾਵੇਂ ਕਿੱਡਾ ਵੀ ਵੱਡਾ ਰਾਜਾ ਜਾਂ ਪ੍ਰਧਾਨ ਮੰਤਰੀ ਆਵੇ, ਸਾਡੇ ਗੁਰੂ ਸਾਹਿਬ ਨਾਲੋਂ ਵੱਡਾ ਕੋਈ ਨਹੀਂ, ਬਲਕਿ ਉਹ ਸਾਡੇ ਇਸ਼ਟ ਜਾਗਦੀ ਜੋਤਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨੂੰ ਸੀਸ ਨਿਵਾਵੇ, ਨਾ ਕਿ ਆਪਾਂ ਉੱਠ ਕੇ ਉਸ ਦਾ ਸਤਿਕਾਰ ਕਰੀਏ। ਇਹਨਾਂ ਬਚਨਾਂ ਨੂੰ ਸੁਣ ਕੇ ਸਭ ਪਾਸੇ ਜੈਕਾਰਿਆਂ ਦੀ ਗੂੰਜ ਉੱਠੀ।ਸ਼ਾਇਦ ਸੰਤਾਂ ਦੀ ਇਸ ਸਿਧਾਂਤਕ ਬੇਬਾਕੀ ਸਪੀਚ ਨੇ ਹੀ ਦਮਦਮੀ ਟਕਸਾਲ ਬਾਰੇ ਇੰਦਰਾਂਗਾਂਧੀ ਦੀ ਸੋਚ ਵਿਚ ਨਫ਼ਰਤ ਦਾ ਬੀਜ ਬੋਇਆ?

ਐਮਰਜੈਂਸੀ ਦੇ ਮੋਰਚੇ ਲਈ ਭੂਮਿਕਾ:- ਇੰਦਰਾਂਗਾਂਧੀ ਵੱਲੋਂ ਪੰਜਾਬ ਨਾਲ ਧੱਕੇ ਕੀਤੇ ਜਾਦੇ ਅਤੇ ਦੇਸ਼ ਵਿਚ ਮਨਮਾਨੀ ਕਰਨ ਲਈ ਦੇਸ਼ ਵਿਚ ਐਮਰਜੈਂਸੀ ਲਾਗੂ ਕਰ ਦਿੱਤੀ ਅਤੇ ਲਗਭਗ ਸਾਰੇ ਵੱਡੇ ਸਿਆਸੀ ਆਗੂ ਕੈਦ ਕਰ ਲਏ। ਇਸ ਬੇਇਨਸਾਫੀ ਵਿਰੁੱਧ ਸ਼੍ਰੋਮਣੀ ਅਕਾਲ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਐਮਰਜੈਂਸੀ ਵਿਰੁੱਧ ਮੋਰਚਾ ਲੱਗਾ ਦਿੱਤਾ। ਮੋਰਚੇ ਵਿਚ ਰੋਜ਼ਾਨਾ 25-25 ਸਿੰਘਾਂ ਦੇ ਜੱਥੇ ਰੋਜ਼ਾਨਾ ਗ੍ਰਿਫਤਾਰੀਆਂ ਦੇਣ ਲੱਗੇ ਪਰ ਕੁੱਝ ਸਮੇਂ ਬਾਅਦ ਇਸ ਗਿਣਤੀ ਵਿਚ ਤੋਟ ਆਉਣ ਲੱਗ ਪਈ। ਪਤਾ ਲੱਗਣ ਤੇ ਖਾਲਸਾ ਜੀ ਦੀ ਅਪੀਲ ਤੇ ਦਮਦਮੀ ਟਕਸਾਲ ਨਾਲ ਜੁੜੇ ਸਿੰਘਾਂ ਨੇ ਐਮਰਜੈਂਸੀ ਵਿਰੁੱਧ ਲਗਾਏ ਮੋਰਚੇ ਵਿਰੁੱਧ ਗ੍ਰਿਫਤਾਰ ਹੋਣ ਲਈ ਅੰਮ੍ਰਿਤਸਰ ਵੱਲ ਵਹੀਰਾਂ ਘਤ ਦਿੱਤੀਆਂ। ਜਿਸ ਦੇ ਫਲਸਰੂਪ ਅਕਾਲੀ ਦਲ ਨੇ ਇਹ ਮੋਰਚਾ ਲੰਬਾ ਸਮਾਂ ਚਲਾ ਕੇ ਜਿੱਤ ਪ੍ਰਾਪਤ ਕੀਤੀ। ਇੰਦਰਾਂਗਾਂਧੀ ਨੂੰ ਸੰਤ ਕਰਤਾਰ ਸਿੰਘ ਖਾਲਸਾ ਜੀ ਦੀ ਇਹ ਭੂਮਿਕਾ ਵੀ ਸੂਲ ਵਾਂਗ ਚੁੱਬੀ।

**ਮਨਿਸਟਰ ਨੂੰ ਜੁਆਬ:-** ਹੁਸ਼ਿਆਰਪੁਰ ਦੇ ਜਲੂਸ ਵਿਚ ਇਕ ਮਨਿਸਟਰ ਜੋ ਕਿ ਆਪਣੀ ਕਾਰ ਅੱਗੇ ਲਾਉਣਾ ਚਾਹੁੰਦਾ ਸੀ ਉਸ ਨੂੰ ਜ਼ੋਰਦਾਰ ਸ਼ਬਦਾਂ ਵਿਚ ਤਾੜਨਾ ਕੀਤੀ ਤੇ ਕਿਹਾ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸਵਾਰੀ ਤੋਂ ਪਿਛੋਂ ਮਹਾਤਮਾਂ ਦੀਆਂ ਕਾਰਾਂ ਅਤੇ ਉਨ੍ਹਾਂ ਤੋਂ ਬਾਅਦ ਵਿਚ ਦੂਜੀਆਂ ਕਾਰਾਂ ਲੱਗਣੀਆਂ ਹਨ। ਇਸ ਤਰ੍ਹਾਂ ਐਨੀ ਨਿਡਰਤਾ ਨਿਰਭੈਤਾ ਹੋਰ ਕਿਸੇ ਵਿਚ ਨਹੀਂ ਵੇਖੀ। ਸਭ ਨੂੰ ਆਪਣੇ ਪੈਰਾਂ ਤੇ ਮੱਥਾ ਟਿਕਾਉਣ ਦੀ ਬਜਾਏ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਲੜ ਲਾਉਣਾ ਕੋਈ ਘੱਟ ਵਿਸ਼ੇਸ਼ਤਾ ਵਾਲੀ ਗੱਲ ਨਹੀਂ ਸੀ।

ਪੁੱਤਰ ਦੀ ਸ਼ਾਦੀ ਸਮੇਂ ਸਾਦਗੀ: ਇਕ ਦਿਨ ਸੰਤਾਂ ਦੇ ਕੰਨ ਸੁੱਜੇ ਵੇਖ ਕੇ ਬੋਪਾਰਾਏ ਵਾਲੀ ਮਾਤਾ ਦਲੀਪ ਕੌਰ ਨੇ ਪੁੱਛਿਆ ਕਿ ਕੰਨ ਸੁਜਣ ਦਾ ਕੀ ਕਾਰਨ ਹੈ? ਤਾਂ ਆਪ ਜੀ ਨੇ ਉੱਤਰ ਦਿੱਤਾ ਕਿ ਮੈਂ ਆਪਣੇ ਕੰਨ ਆਪ ਪੁੱਟੇ ਹਨ ਕਿ ਮਤਾਂ ਸੁੱਤਿਆਂ ਪਿਆਂ ਅਚੇਤ ਮਨ ਰਾਹੀਂ ਕੋਈ ਗਲਤੀ ਹੋ ਗਈ ਹੋਵੇ। ਕਿੰਨੀ ਡੂੰਘੀ ਸੋਚਣੀ ਸੀ ਸੰਤਾਂ ਦੀ ਆਪ ਘਰ ਵਾਲਿਆਂ ਨੂੰ ਕਦੇ ਕੋਈ ਉਚੇਚੀ ਸਲਾਹ ਜਾਂ ਮਸ਼ਵਰਾ ਨਹੀਂ ਸਨ ਕਰਦੇ। ਜਥੇ ਵਿਚ ਸੰਤਾਂ ਦੇ ਭਤੀਜੇ ਰਹਿੰਦੇ ਸਨ ਜੋ ਕਿ ਆਮ ਸਿੰਘਾਂ ਵਾਂਗ ਰਹਿੰਦੇ ਸਨ। ਕਦੇ ਕੋਈ ਉਚੇਚਾ ਧਿਆਨ ਨਹੀਂ ਦਿੱਤਾ ਜਾਂਦਾ ਸੀ ਸਭ ਨੂੰ ਬਰਾਬਰ ਸਮਝਿਆ ਜਾਂਦਾ।

ਸੰਤਾਂ ਦੇ ਸਪੁੱਤਰ ਭਾਈ ਹਰਭਜਨ ਸਿੰਘ (ਅਮਰੀਕ ਸਿੰਘ) ਦਾ ਵਿਆਹ ਹੋਇਆ। ਇਨ੍ਹਾਂ ਦੀ ਮੰਗਣੀ ਸੰਤ ਗੁਰਬਚਨ ਸਿੰਘ ਜੀ ਖਾਲਸਾ ਜੀ ਦੇ ਭਾਈ ਗੁਰਦੀਪ ਸਿੰਘ ਜੀ ਦੀ ਸਪੁੱਤਰੀ ਨਾਲ ਧੀਰੇ ਪੱਤਰੇ ਨਗਰ ਵਿਖੇ ਆਪ ਕਰ ਗਏ ਸਨ। ਵਿਆਹ ਵਿਚ ਸਾਰੇ ਅੰਮ੍ਰਿਤਧਾਰੀ ਸਿੰਘ ਹੀ ਬਰਾਤ ਨਾਲ ਗਏ। ਬਹੁਤ ਸਾਧਾਰਨ ਅਤੇ ਪੂਰਣ ਗੁਰ-ਮਰਯਾਦਾ ਅਨੁਸਾਰ ਸ਼ਾਦੀ ਹੋਈ। ਵਿਸ਼ੇਸ਼ ਗੱਲ ਇਹ ਸੀ ਕਿ ਅਨੰਦ-ਕਾਰਜ ਤੋਂ ਪਹਿਲਾਂ ਵਿਆਹ ਵਾਲੀ ਬੀਬੀ ਨੇ ਸ਼ਬਦ ਪੜ੍ਹਿਆ:-

**ਹਮ ਘਰਿ ਸਾਜਨ ਆਏ।। ਸਾਚੈ ਮੇਲਿ ਮਿਲਾਏ।।**

ਅਤੇ ਭਾਈ ਅਮਰੀਕ ਸਿੰਘ ਜੀ ਨੇ ਆਪ ਉੱਠ ਕੇ ਆਈ ਸੰਗਤ ਦਾ ਥੋੜ੍ਹੇ ਸ਼ਬਦਾਂ 'ਚ ਧੰਨਵਾਦ ਕੀਤਾ ਤੇ ਸੰਗਤਾਂ ਪਾਸੋਂ ਅਸੀਸ ਮੰਗੀ। ਇਸ ਸਮੇਂ ਸੰਤ ਕਰਤਾਰ ਸਿੰਘ ਜੀ ਨੇ ਆਪ ਲਾਵਾਂ ਦਾ ਪਾਠ ਕੀਤਾ ਅਤੇ ਆਪ ਲਾਵਾਂ ਪੜ੍ਹੀਆਂ ਅਤੇ ਜਾਣ ਵਾਲੇ ਬਾਹਰਲੇ ਸਿੰਘਾਂ ਨੂੰ ਇਕ ਰੁਪਿਆ ਵੀ ਸ਼ਗਨ ਵਜੋਂ ਨਹੀਂ ਦੇਣ ਦਿੱਤਾ ਗਿਆ। ਦਾਜ ਨਾ ਦੇਣ ਵਾਸਤੇ ਸੰਤਾਂ ਨੇ ਭਾਈ ਗੁਰਦੀਪ ਸਿੰਘ ਨੂੰ ਜ਼ੋਰ ਨਾਲ ਪਹਿਲਾਂ ਹੀ ਰੋਕ ਦਿੱਤਾ ਸੀ। ਸੰਤ ਜੀ ਵੱਲੋਂ ਆਪਣੇ ਜੀਵਨ-ਸਫਰ ਦੇ .......ਸਾਲਾਂ ਵਿਚੋਂ ਦਮਦਮੀ ਟਕਸਾਲ ਦੇ 13ਵੇਂ ਮੁੱਖੀ ਵਜੋਂ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਕੀਤੀਆਂ ਸੇਵਾਵਾਂ ਸਮੇਂ ਹੋਏ ਅਜਿਹੇ ਵਾਕਿਆਤ ਜੋ ਸਿੱਖ ਪੰਥ ਦੀ ਆਨ ਤੇ ਸ਼ਾਨ ਨੂੰ ਬੁਲੰਦ ਕਰਨ ਵਾਲੇ ਸਨ ਦੀ ਗਿਣਤੀ ਬੇਅੰਤ ਹੈ ਜੋ ਸਾਡੇ ਇਸ ਲਘੂ ਲੇਖ ਵਿਚ ਵਰਣਨ ਕਰਨੇ ਸੰਭ ਨਹੀਂ ਹਨ। ਸਾਡਾ ਯਤਨ ਹੋਵੇਗਾ ਕਿ ਸਿੱਖ ਪੰਥ ਦੀ ਆਨ ਤੇ ਸ਼ਾਨ ਵਧਾਉਣ ਵਾਲੇ ਉਹ ਵਾਕਿਆਤ ਅਸੀ ਅਗਲੀ ਕਿਸ਼ਤ ਵਿਚ ਪਾਠਕਾਂ ਦੇ ਸਨਮੁੱਖ ਕਰਨ ਦਾ ਯਤਨ ਕਰਾਂਗੇ।



**ਟਕਸਾਲ ਦੇ**
**16ਵੇਂ ਮੁੱਖੀ ਬਾਬਾ ਹਰਨਾਮ ਸਿੰਘ ਜੀ ਖਾਲਸਾ**

**ਟਕਸਾਲ ਦੇ 16ਵੇਂ ਮੁੱਖੀ ਸੰਤ ਹਰਨਾਮ ਸਿੰਘ ਜੀ ਖਾਲਸਾ:-** ਅਜੋਕੇ ਸਮੇਂ ਦਮਦਮੀ ਟਕਸਾਲ ਚੌਕ ਮਹਿਤਾ ਦੀ ਇਸ ਸ਼ਾਨਾਮਤੀ ਵਿਰਾਸਤ ਨੂੰ ਟਕਸਾਲ ਦੇ 16ਵੇਂ ਮੁੱਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਚਲਾ ਰਹੇ ਹਨ। ਬਾਣੀ ਤੇ ਬਾਣੇ ਦੇ ਮਜੀਠ ਰੰਗ ਵਿਚ ਰੰਗੇ ਸੰਤ ਜੀ ਮੇਰੀ ਜਾਣਕਾਰੀ ਅਨੁਸਾਰ ਅਜਿਹੇ ਮਹਾਂਪੁਰਸ਼ ਹਨ ਜਿੰਨਾਂ ਨੂੰ ਨਿਤਨੇਮ ਦੀਆ ਪੰਜ ਬਾਣੀਆਂ ਤੋਂ ਇਲਾਵਾ ਲਗਭਗ 40 ਬਾਣੀਆਂ ਹੋਰ ਜ਼ਬਾਨੀ ਕੰਠ ਹਨ। ਗੁਰਬਾਣੀ ਸੰਥਿਆ ਦੇ ਨਾਲ-ਨਾਲ ਆਪ ਜੀ ਪ੍ਰਭਾਵਸ਼ਾਲੀ ਕਥਾਕਾਰ, ਕੁਸ਼ਲ ਪ੍ਰਬੰਧਕ, ਲੇਖਕ, ਬੁਲਾਰੇ, ਸਿੱਖੀ ਸਿਧਾਤਾਂ ਤੇ ਗੁਰਮਤਿ ਸਾਹਿਤ ਅਤੇ ਤੁਲਨਾਮਿਕ ਧਰਮਾਂ ਦੀ ਡੂੰਘੀ ਜਾਣਕਾਰੀ ਰਖਣ ਦੇ ਨਾਲ ਬਹੁਤ ਹੀ ਮਿਠਬੋਲੜੇ ਤੇ ਮਿਲਣਸਾਰ ਜੀਵਨ-ਸ਼ੈਲੀ ਦੇ ਧਾਰਨੀ ਹਨ ਜਿਸ ਕਰਕੇ ਆਪ ਜੀ ਮਿਲਣ ਆਏ ਹਰ ਵਿਦਵਾਨਾਂ, ਸੰਤ ਮਹਾਂਪੁਰਸ਼ਾਂ, ਧਾਰਮਿਕ, ਸਮਾਜਿਕ, ਰਾਜਨੀਤਕ ਖੇਤਰ ਨਾਲ ਜੁੜੇ ਆਗੂਆਂ ਨੂੰ ਖਿੜੇ ਮੱਥੇ ਮਿਲਦੇ ਹਨ।





# ਰਾਮਦਾਸ ਨਗਰੀ ਵਸਾਉਣ ਵਾਲੇ ਗੁਰੂ ਜੀ ਦੇ ਪ੍ਰਕਾਸ਼ ਪੁਰਬ ਸਮੇਂ ਨਗਰ-ਕੀਰਤਨ ਦਾ ਦੀਵਾਨ ਵੱਲੋਂ ਭਗਤਾਂਵਾਲਾ ਸਕੂਲ ਪੁੱਜਣ ਤੇ ਨਿੱਘਾ ਸਵਾਗਤ

ਰਾਮਦਾਸਪੁਰ ਨਗਰੀ ਵਸਾਉਣ ਵਾਲੇ ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਏ ਗਏ ਨਗਰ ਕੀਰਤਨ ਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਭਗਤਾਂਵਾਲਾ ਵਿਖੇ ਪੁੱਜਣ ਤੇ ਚੀਫ਼ ਖ਼ਾਲਸਾ ਦੀਵਾਨ ਅਹੁੇਦਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਨਿੱਘਾ ਸੁਆਗਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਅਤੇ ਪੰਜ ਪਿਆਰਿਆਂ ਦੀ ਛੱਤਰ ਛਾਇਆ ਹੇਠ ਸਜਾਏ ਗਏ ਨਗਰ-ਕੀਰਤਨ ਦਾ ਸਕੂਲ ਦੀ ਬੈਂਡ ਟੀਮ ਨੇ ਬੈਂਡ ਦੀਆਂ ਧੁਨਾ ਨਾਲ ਸੁਆਗਤ ਕੀਤਾ ਅਤੇ ਸਕੂਲ ਦੀ ਸ਼ਬਦ ਕੀਰਤਨ ਟੀਮ ਵੱਲੋ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਸ਼ਬਦ ਕੀਰਤਨ ਗਾਇਨ ਕਰਕੇ ਗੁਰੂ ਚਰਨਾਂ ਵਿਚ ਸਤਿਕਾਰ ਸਹਿਤ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਦੀ ਅਗਵਾਈ ਹੇਠ ਸੁਆਗਤ ਸਮੇਂ ਨਿਸ਼ਾਨਚੀਆਂ, ਪੰਜ ਪਿਆਰਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਦੀ ਹਜ਼ੂਰੀ ਵਿਚ ਸਿਹਰੇ ਪਾ ਕੇ "ਜੀ ਆਇਆ ਨੂੰ" ਆਖਿਆ ਗਿਆ। ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਚੀਫ਼ ਖ਼ਾਲਸਾ ਦੀਵਾਨ ਮੈਂਬਰ ਸਾਹਿਬਾਨ, ਅਤੇ ਸਕੂਲ ਸਟਾਫ ਵੱਲੋਂ ਪਾਲਕੀ ਸਾਹਿਬ ਵਿਚ ਸਜਾਏ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਸਮੇਂ ਖ਼ਾਲਸਾ ਪੰਥ ਦੀ ਫ਼ਤਹਿ ਨਾਲ ਸਾਰਾ ਵਾਤਾਵਰਣ ਗੂੰਜ਼ ਉਠਿਆ ਅਤੇ "ਬੋਲੇ ਸੋ ਨਿਹਾਲ" ਦੀ ਗੂੰਜ਼ ਨੇ ਰੁਹਾਨੀਅਤ ਭਰਪੂਰ ਮਾਹੋਲ ਸਿਰਜਦਿਆਂ ਸਭ ਨੂੰ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਅੱਗੇ ਸ਼ਰਧਾ ਨਾਲ ਨਤਮਸਤਕ ਕਰ ਦਿੱਤਾ। ਇਸ ਮੋਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ:ਨਿਰਮਲ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ. ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਸਕੂਲ ਮੈਂਬਰ ਇੰਚਾਰਜ਼ ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ. ਦਰਸ਼ਨ ਸਿੰਘ ਸੁਲਤਾਨਵਿੰਡ, ਸ੍ਰ. ਜਗਜੀਤ ਸਿੰਘ, ਅਤੇ ਪ੍ਰਿੰਸੀਪਲ ਮੈਡਮ ਜਸਪਾਲ ਕੌਰ ਅਤੇ ਹੋਰਨਾਂ ਚੀਫ਼ ਖ਼ਾਲਸਾ ਦੀਵਾਨ ਮੈਂਬਰਾਂ ਨੇ ਨਗਰ-ਕੀਰਤਨ ਵਿਚ ਸ਼ਾਮਲ ਪ੍ਰਮੁੱਖ ਸ਼ਖਸੀਅਤਾਂ, ਗਤਕਾ ਪਾਰਟੀ ਦੀਆਂ ਟੀਮਾਂ ਦੇ ਨਾਲ-ਨਾਲ ਸੇਵਾ ਕਰਨ ਵਾਲੀਆਂ ਸੰਗਤਾਂ ਨੂੰ ਵੀ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਅਤੇ ਸਮੂਹ ਸਾਧ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਚੀਫ਼ ਖ਼ਾਲਸਾ ਦੀਵਾਨ ਵੱਲੋਂ ਨਗਰ-ਕੀਰਤਨ ਵਿਚ ਸ਼ਾਮਿਲ ਸਾਧ ਸੰਗਤ ਲਈ ਪ੍ਰਸ਼ਾਦ ਅਤੇ ਚਾਹ-ਪਾਣੀ ਦੀ ਸੇਵਾ ਵੀ ਕੀਤੀ ਗਈ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ:ਨਿਰਮਲ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ. ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੈਂਬਰ ਇੰਚਾਰਜ ਮੁੱਖ ਦਫ਼ਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸਕੂਲ ਮੈਂਬਰ ਇੰਚਾਰਜ਼ ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ. ਦਰਸ਼ਨ ਸਿੰਘ ਸੁਲਤਾਨਵਿੰਡ ਅਤੇ ਸ੍ਰ. ਜਗਜੀਤ ਸਿੰਘ, ਸ੍ਰ. ਸੰਤੋਖ ਸਿੰਘ ਸੇਠੀ, ਸ੍ਰ.ਜਸਪਾਲ ਸਿੰਘ ਢਿੱਲੋ, ਸ੍ਰ. ਨਵਤੇਜ਼ ਸਿੰਘ ਨਾਰੰਗ, ਸ੍ਰ.ਸਰਬਜੋਤ ਸਿੰਘ, ਸ੍ਰ. ਕੰਵਰਦੀਪ ਸਿੰਘ ਚੋਪੜਾ, ਡਾ. ਜਸਬੀਰ ਸਿੰਘ ਸਾਬਰ ਅਤੇ ਪ੍ਰਿੰਸੀਪਲ ਮੈਡਮ ਜਸਪਾਲ ਕੌਰ ਅੰਡਰ ਸੈਕਟਰੀ ਸ੍ਰ. ਹਰਭਜਨ ਸਿੰਘ ਅਤੇ ਹੋਰ ਮੈਂਬਰ ਸਾਹਿਬਾਨ ਨੇ ਵੀ ਨਗਰ ਕੀਰਤਨ ਵਿਚ ਹਿੱਸਾ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆ। ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਮੂਹ ਸਾਧ-ਸੰਗਤ ਨੂੰ ਖੁੱਲਾ ਪ੍ਰਸ਼ਾਦ ਵੰਡਿਆ ਗਿਆ।












## ਬਸੰਤ ਐਵੀਨਿਊ ਸਕੂਲ ਵਿਖੇ ਨਵੇਂ ਬਲਾਕ ਦਾ ਰੱਖਿਆ ਗਿਆ ਨੀਂਹ ਪੱਥਰ



ਚੀਫ਼ ਖ਼ਾਲਸਾ ਦੀਵਾਨ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਬਸੰਤ ਐਵੀਨਿਊ ਦੇ ਨਾਲ ਲਗਦੀ ਨਵੀਂ ਖਰੀਦੀ ਗਈ ਜਮੀਨ ਤੇ ਸਕੂਲ ਦੇ ਨਵੇਂ ਬਲਾਕ ਦੀ ਉਸਾਰੀ ਦੀ ਅਰੰਭਤਾ ਕੀਤੀ ਗਈ। ਸਭ ਤੋਂ ਪਹਿਲਾ ਜਪੁਜੀ ਸਾਹਿਬ ਦਾ ਪਾਠ ਤੇ 31 ਵਾਰ ਮੂਲ ਮੰਤਰ ਦੇ ਪਾਠ ਉਪਰੰਤ ਅਕਾਲਪੁਰਖ ਦਾ ਓਟ ਆਸਰਾ ਲੈਂਦਿਆਂ ਨਵੀਂ ਇਮਾਰਤ ਦੀ ਨਿਰਵਿਘਨ ਸੰਪੂਰਨਤਾ ਲਈ ਅਰਦਾਸ ਕੀਤੀ ਗਈ। ਅਰਦਾਸ ਉਪਰੰਤ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਟੱਕ ਲੱਗਾ ਕੇ ਇਮਾਰਤ ਦੀ ਉਸਾਰੀ ਦੀ ਅਰੰਭਤਾ ਕੀਤੀ। ਇਸ ਮੌਕੇ ਪ੍ਰਧਾਨ ਸ੍ਰ.ਨਿਰਮਲ ਸਿੰਘ ਨੇ ਕਿਹਾ ਕਿ ਆਈ.ਸੀ.ਐਸ.ਈ ਬੋਰਡ ਮਾਨਤਾ ਪ੍ਰਾਪਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਬਸੰਤ ਐਵੀਨਿਊ ਦੇ ਵਿਦਿਆਰਥੀ ਹਰ ਸਾਲ ਪੰਜਾਬ ਭਰ ਵਿਚ ਅੱਵਲ ਆ ਕੇ ਸਕੂਲ ਦਾ ਨਾਮ ਰੋਸ਼ਨ ਕਰਦੇ ਹਨ। ਅਕਾਦਮਿਕ ਖੇਤਰ ਦੇ ਨਾਲ-ਨਾਲ ਇਹ ਸਕੂਲ ਹੋਰਨਾਂ ਖੇਤਰਾਂ ਵਿਚ ਵੀ ਮੱਲਾ ਮਾਰਕੇ ਇਕ ਨਿਵੇਕਲੀ ਪਛਾਣ ਬਣਾ ਰਿਹਾ ਹੈ। ਸਕੂਲ ਵਿੱਚ ਸਾਲ ਦਰ ਸਾਲ ਵਿਦਿਆਰਥੀਆਂ ਦੀ ਵੱਧਦੀ ਹੋਈ ਗਿਣਤੀ ਨੂੰ ਵੇਖਦਿਆਂ ਹੋਇਆਂ ਸਕੂਲ ਦੇ ਵਿਸਥਾਰ ਲਈ ਚੀਫ਼ ਖ਼ਾਲਸਾ ਦੀਵਾਨ ਵਲੋਂ ਸਕੂਲ ਦੇ ਨਾਲ ਲਗਦੀ ਲਗਭਗ 1200 ਗਜ਼ ਨਵੀਂ ਜ਼ਮੀਨ ਖਰੀਦੀ ਗਈ ਹੈ ਜਿਸ ਵਿਚ ਪਿਛਲੇ ਸਾਲ 12 ਕਲਾਸ ਰੂਮ ਵਾਲਾ ਤਿੰਨ ਮੰਜਿਲਾਂ ਬਲਾਕ ਬਣਾਇਆ ਜਾ ਚੁੱਕਾ ਹੈ ਅਤੇ ਹੁਣ ਉਸੇ ਜਮੀਨ ਤੇ ਪ੍ਰੀ-ਪ੍ਰਾਇਮਰੀ ਬਲਾਕ ਦੀ ਉਸਾਰੀ ਆਰੰਭ ਕਰ ਦਿੱਤੀ ਗਈ ਹੈ ਜਿਸ ਵਿਚ ਸੈਮੀ ਬੇਸਮੈਂਟ ਅਤੇ ਅਤਿ ਆਧੁਨਿਕ 26 ਕਲਾਸਰੂਮ ਸਹਿਤ ਸ਼ਾਨਦਾਰ ਦੋ ਮੰਜਿਲਾਂ ਇਮਾਰਤ ਉਸਾਰੀ ਜਾਵੇਗੀ। ਬੇਸਮੈਂਟ ਵਿੱਚ ਛੋਟੇ ਬੱਚਿਆਂ ਲਈ ਅਤਿ ਸੁੰਦਰ ਉਚ ਤਕਨੀਕੀ ਖਿਡੋਣਿਆਂ ਵਾਲਾ ਕਮਰਾ ਅਤੇ ਮਲਟੀਪਰਪਜ਼ ਹਾਲ ਉਸਾਰਿਆ ਜਾਵੇਗਾ। ਗਰਾਊਡ ਫਲੋਰ ਤੇ ਪ੍ਰਿੰਸੀਪਲ ਰੂਮ, ਸਟਾਫ ਰੂਮ, ਸਕੂਲ ਦੇ ਦਫ਼ਤਰੀ ਕੰਮ-ਕਾਜ ਵਾਸਤੇ ਰੂਮ ਅਤੇ ਛੇ ਕਲਾਸ ਰੂਮਜ਼ ਦਾ ਨਿਰਮਾਣ ਕੀਤਾ ਜਾਵੇਗਾ। ਉਹਨਾਂ ਨੇ ਕਿਹਾ ਕਿ ਇਸ ਨਵੇਂ ਬਲਾਕ ਦੀ ਉਸਾਰੀ ਸਕੂਲ ਦੀਆਂ ਲੋੜਾਂ ਅਤੇ ਵਿਦਿਆਰਥੀਆਂ ਦੀ ਸਹੂਲਤਾਂ ਅਤੇ ਸੁਵਿਧਾਵਾਂ ਨੂੰ ਧਿਆਨ ਵਿਚ ਰੱਖਦਿਆਂ ਕੀਤੀ ਜਾਵੇਗੀ ਜਿਹੜੀ ਕਿ ਛੇਂਤੀ ਹੀ ਪੂਰੀ ਕਰ ਲਈ ਜਾਵੇਗੀ।

## ਬਸੰਤ ਐਵੀਨਿਊ ਸਕੂਲ ਦੇ ਹੋਣਹਾਰ ਵਿਦਿਆਰਥੀ ਸਨਮਾਨੇ



ਚੀਫ਼ ਖ਼ਾਲਸਾ ਦੀਵਾਨ ਦੀ ਸਰਪਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਬਸੰਤ ਐਵੀਨਿਊ ਵਿਖੇ ਸਕੂਲ ਦੇ ਸਾਬਕਾ ਵਿਦਿਆਰਥੀ ਸ੍ਰ.ਰਾਜਬੀਰ ਸਿੰਘ ਭੁੱਲਰ (ਕੌਂਸਲਰ ਸੈਂਡਵੈਲ ਕੌਂਸਲ, ਇੰਗਲੈਂਡ) ਅਤੇ ਡਾ.ਹਰਜੋਤ ਸਿੰਘ (ਐਮ.ਬੀ.ਬੀ.ਏ, ਐਮ.ਡੀ, ਡਿਪਾਰਟਮੈਂਟ ਆਫ਼ ਕਮਿਊਨਿਟੀ ਮੈਡੀਸਨ, ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸ, ਅੰਮ੍ਰਿਤਸਰ) ਦੇ ਸਨਮਾਨ ਵਿਚ ਸਮਾਰੋਹ ਆਯੋਜਿਤ ਕੀਤਾ ਗਿਆ ਜਿਸਦਾ ਆਗਾਜ਼ ਸਕੂਲ ਸ਼ਬਦ ਨਾਲ ਹੋਇਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਨੇ ਸਕੂਲ ਦੇ ਸਾਬਕਾ ਵਿਦਿਆਰਥੀਆਂ ਦੀਆਂ ਸਫ਼ਲਤਾਵਾਂ ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਰਾਜਬੀਰ ਸਿੰਘ ਭੁੱਲਰ ਅਤੇ ਡਾ.ਹਰਜੋਤ ਸਿੰਘ ਨੇ ਆਪਣੀ ਮਿਹਨਤ ਅਤੇ ਲਗਨ ਸਦਕਾ ਦੇਸ਼-ਵਿਦੇਸ਼ ਵਿਚ ਉਚ ਮੁਕਾਮ ਹਾਸਿਲ ਕਰਕੇ ਮਾਪਿਆਂ ਦੇ ਨਾਲ-ਨਾਲ ਅਧਿਆਪਕਾਂ ਅਤੇ ਸਕੂਲ ਦਾ ਨਾਮ ਵੀ ਰੋਸ਼ਨ ਕੀਤਾ ਹੈ। ਅਜਿਹੇ ਵਿਦਿਆਰਥੀ ਸਕੂਲ ਦੀ ਸ਼ਾਨ ਹਨ ਜੋ ਕਿ ਆਪਣੇ ਉਦਮਾਂ ਸਦਕਾ ਭਵਿੱਖ ਦੀਆਂ ਸੁਨਹਿਰੀ ਮੰਜਿਲਾਂ ਤੈਅ ਕਰਕੇ ਅਧਿਆਪਕਾਂ ਅਤੇ ਮਾਪਿਆਂ ਦੀ ਮਿਹਨਤ ਨੂੰ ਸਾਰਥਿਕ ਬਣਾਉਦੇ ਹਨ। ਉਹਨਾਂ ਨੇ ਕਿਹਾ ਕਿ ਕੌਂਸਲਰ ਸ੍ਰ.ਰਾਜਬੀਰ ਸਿੰਘ ਭੁੱਲਰ ਅਤੇ ਡਾ.ਹਰਜੋਤ ਸਿੰਘ ਵਰਗੀਆਂ ਸਖਸ਼ੀਅਤਾਂ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹਨ। ਇਸ ਮੌਕੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ.ਅਜੀਤ ਸਿੰਘ ਬਸਰਾ ਨੇ ਸਾਬਕਾ ਸਕੂਲ ਵਿਦਿਆਰਥੀਆਂ ਦੀਆਂ ਕਾਮਯਾਬੀਆਂ ਦੀ ਸ਼ਲਾਘਾ ਕਰਦਿਆਂ ਬੱਚਿਆਂ ਨੂੰ ਮਿਹਨਤ ਨਾਲ ਪੜ੍ਹ ਲਿਖ ਕੇ ਜਿੰਦਗੀ ਵਿਚ ਅੱਗੇ ਵੱਧਣ ਦੀ ਪ੍ਰੇਰਨਾ ਦਿੱਤੀ। ਪ੍ਰਿੰਸੀਪਲ ਸ੍ਰੀਮਤੀ ਨਿਰਮਲ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਸ੍ਰ.ਨਿਰਮਲ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ.ਅਜੀਤ ਸਿੰਘ ਬਸਰਾ, ਮੈਂਬਰ ਇੰਚਾਰਜ ਸੀ.ਕੇ.ਡੀ ਲੁਧਿਆਣਾ ਸਕੂਲ ਸ੍ਰ.ਹਰਨੀਤ ਸਿੰਘ, ਮੈਂਬਰ ਇੰਚਾਰਜ ਮੁੱਖ ਦਫ਼ਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਬਸੰਤ ਐਵੀਨਿਊ ਸੀ.ਕੇ.ਡੀ ਸਕੂਲ ਮੈਂਬਰ ਇੰਚਾਰਜ ਸ੍ਰ.ਰਣਦੀਪ ਸਿੰਘ ਅਤੇ ਸ੍ਰੀਮਤੀ ਰਮਿੰਦਰ ਕੌਰ, ਮੈਂਬਰ ਸ੍ਰ.ਸਰਬਜੋਤ ਸਿੰਘ (ਨੈਸ਼ਨਲ ਸਟੋਰ) ਅਤੇ ਹੋਰ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ।





## 2022 ਵਿਚ ਚੀਫ਼ ਖ਼ਾਲਸਾ ਦੀਵਾਨ ਵੱਲੋਂ 67ਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਅਤੇ ਸਕਿੱਲ ਡਿਵੈਲਪਮੈਂਟ ਸੈਂਟਰ ਦੀ ਹੋਵੇਗੀ ਸ਼ੁਰੂਆਤ

ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਸ੍ਰ.ਨਿਰਮਲ ਸਿੰਘ ਦੀ ਪ੍ਰਧਾਨਗੀ ਹੇਠ ਐਜੂਕੇਸ਼ਨਲ ਕਮੇਟੀ ਦੀ ਇਕੱਤਰਤਾ ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ, ਰਣਜੀਤ ਐਵੀਨਿਊ ਵਿਖੇ ਹੋਈ ਜਿਸ ਦਾ ਆਰੰਭ ਮੈਂਬਰ ਸਾਹਿਬਾਨ ਵੱਲੋਂ ਮੂਲ ਮੰਤਰ ਦਾ ਪਾਠ ਕਰਨ ਉਪਰੰਤ ਚੀਫ਼ ਖ਼ਾਲਸਾ ਦੀਵਾਨ ਦੇ ਸੀਨੀਅਰ ਆਗੂ ਰਹੇ ਸ੍ਰ.ਭਾਗ ਸਿੰਘ ਅਣਖੀ ਨੂੰ ਯਾਦ ਕਰਦਿਆਂ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਇਸ ਮੌਕੇ ਪ੍ਰਧਾਨ ਸ੍ਰ.ਨਿਰਮਲ ਸਿੰਘ ਅਤੇ ਹੋਰਨਾਂ ਮੈਂਬਰ ਸਾਹਿਬਾਨ ਨੇ ਸ੍ਰ.ਅਣਖੀ ਦੇ ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਪਾਏ ਯੋਗਦਾਨ, ਚੀਫ਼ ਖ਼ਾਲਸਾ ਦੀਵਾਨ ਅਤੇ ਸੈਂਟਰਲ ਖ਼ਾਲਸਾ ਯਤੀਮਖਾਨਾ ਪ੍ਰਤੀ ਉਹਨਾਂ ਵੱਲੋਂ ਨਿਭਾਈਆ ਗਈਆਂ ਵੱਡਮੁੱਲੀਆਂ ਸੇਵਾਵਾਂ ਅਤੇ ਪ੍ਰਾਪਤੀਆਂ, ਯਤੀਮ ਬੱਚਿਆਂ ਲਈ ਉਹਨਾਂ ਦੇ ਬੇਹੱਦ ਲਗਾਵ ਅਤੇ ਪਿਆਰ ਨੂੰ ਯਾਦ ਕੀਤਾ। ਇਸ ਮੌਕੇ ਪ੍ਰਧਾਨ ਸ੍ਰ.ਨਿਰਮਲ ਸਿੰਘ ਨੇ ਸ੍ਰ.ਅਣਖੀ ਨਾਲ 60 ਸਾਲਾਂ ਤੋਂ ਵੀ ਵੱਧ ਨਿੱਜੀ ਅਤੇ ਪਰਿਵਾਰਕ ਗੂੜ੍ਹੇ ਸੰਬੰਧਾਂ ਦੀ ਯਾਦ ਨੂੰ ਤਾਜਾ ਕਰਦਿਆਂ ਉਹਨਾਂ ਦੇ ਵਿਛੋੜੇ ਨੂੰ ਅਤਿਅੰਤ ਦੁੱਖਦਾਈ ਦੱਸਿਆ।

ਮੀਟਿੰਗ ਦੇ ਏਜੰਡੇ ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ:ਸਰਬਜੀਤ ਸਿੰਘ ਛੀਨਾ ਵੱਲੋਂ ਪੜ੍ਹੇ ਗਏ ਜਿਸ ਤਹਿਤ ਐਜੂਕੈਸ਼ਨਲ ਕਮੇਟੀ ਵੱਲੋਂ ਹਰ ਸਾਲ ਦੀਵਾਨ ਦੇ ਸਕੂਲ ਵਿਦਿਆਰਥੀਆਂ ਲਈ ਛਪਾਈਆਂ ਜਾਣ ਵਾਲੀਆ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਤ ਧਾਰਮਿਕ ਪੁਸਤਕਾਂ ਦੇ ਸਲੈਬਸ, ਧਾਰਮਿਕ ਲਿਖਤੀ ਪ੍ਰੀਖਿਆਵਾਂ ਦੇ ਪ੍ਰਬੰਧਾਂ ਅਤੇ ਮੈਰਿਟ ਤੇ ਆਉਣ ਵਾਲੇ ਵਿਦਿਆਰਥੀਆਂ ਲਈ ਇਨਾਮ ਅਤੇ ਵਜੀਫਾ ਰਾਸ਼ੀ ਨਿਸ਼ਚਿਤ ਕਰਨ ਸੰਬੰਧੀ 5 ਮੈਂਬਰੀ ਕਮੇਟੀ ਗਠਿਤ ਕਰਨ ਦਾ ਫੈਸਲਾ ਲਿਆ ਗਿਆ। ਇਸ ਮੌਕੇ ਦੀਵਾਨ ਅਹੁਦੇਦਾਰਾਂ ਵੱਲੋਂ 2022 ਵਿਚ 67ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਬਹੁਤ ਹੀ ਸ਼ਾਨੋਸੋਕਤ ਨਾਲ ਕਰਵਾਉਣ ਦਾ ਐਲਾਨ ਕੀਤਾ ਗਿਆ ਅਤੇ ਐਜੂਕੇਸ਼ਨਲ ਕਮੇਟੀ ਵਲੋਂ ਤਿਆਰ ਕੀਤੀ ਗਈ ਵਿਸ਼ਵ ਦੇ ਸਮੂਹ ਸਿੱਖ ਅਦਾਰਿਆਂ ਦੀ ਸੰਪਰਕ ਡਾਇਰੈਕਟਰੀ ਅਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੀਵਨ ਸੰਬੰਧੀ ਬਣਾਈ ਗਈ ਡਾਕੂਮੈਂਟਰੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਰਿਲੀਜ਼ ਕਰਨ ਦਾ ਫੈਸਲਾ ਲਿਆ ਗਿਆ। ਐਜੂਕੇਸ਼ਨਲ ਕਮੇਟੀ ਦੇ ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਸੰਤੋਖ ਸਿੰਘ ਸੇਠੀ ਅਤੇ ਬੀਬੀ ਕਿਰਨਜੋਤ ਕੋਰ ਦੀ ਤਜਵੀਜ ਅਨੁਸਾਰ ਸੀ.ਕੇ.ਡੀ ਸਕੂਲਾਂ ਵਿਚ ਜਲਦ ਹੀ ਸਕਿਲ ਡਿਵੈਲਪਮੈਂਟ ਸੈਂਟਰ ਖੋਲਣ ਦਾ ਨਿਰਣਾ ਲਿਆ ਗਿਆ ਜਿਸ ਵਿਚ ਬੱਚਿਆਂ ਨੂੰ ਸਰਕਾਰ ਤੋਂ ਮਨਜੂਰਸ਼ੁਦਾ ਕਿੱਤਾਮੁੱਖੀ ਕੋਰਸ ਕਰਵਾ ਕੇ ਵੱਧ ਤੋਂ ਵੱਧ ਰੁਜ਼ਗਾਰ ਦੇ ਅਵਸਰ ਪ੍ਰਦਾਨ ਕੀਤੇ ਜਾ ਸਕਣ। ਇਸ ਮੌਕੇ ਦੀਵਾਨ ਅਹੁਦੇਦਾਰਾਂ ਵੱਲੋਂ ਬੱਚਿਆਂ ਦੇ ਪੜ੍ਹਾਈ ਉਪਰੰਤ ਵਿਦੇਸ਼ਾਂ ਵਿਚ ਭਵਿੱਖ ਬਣਾਉਣ ਦੇ ਮੁੱਦੇ ਤੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਦੀਵਾਨ ਸਕੂਲਾਂ ਵਿਚ 9ਵੀਂ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਕਰਿਅਰ ਗਾਇਡੈਂਸ ਸੈੱਲ ਦੀ ਸ਼ੁਰੂਆਤ ਕਰਨ ਤੇ ਵੀ ਵਿਚਾਰਾਂ ਕੀਤੀਆਂ ਗਈਆਂ ਤਾਂ ਜੋ ਬੱਚੇ ਦੀ ਸ਼ਖਸੀਅਤ ਅਤੇ ਦਿਲਚਸਪੀ ਦੇ ਆਧਾਰ ਤੇ ਉਸਦੇ ਕਰਿਅਰ ਨੂੰ ਕੁਸ਼ਲ ਮਾਹਿਰਾਂ ਦੁਆਰਾ ਸਹੀ ਦਸ਼ਾ ਅਤੇ ਦਿਸ਼ਾ ਦਿੱਤੀ ਜਾ ਸਕੇ ਅਤੇ ਉਹ ਆਪਣੇ ਦੇਸ਼ ਵਿਚ ਹੀ ਰਹਿ ਕੇ ਭਵਿੱਖ ਦੀਆਂ ਉਜਵੱਲ ਮੰਜਿਲਾਂ ਤੈਅ ਕਰ ਸਕਣ।

## ਡਾ: ਜੋਗਿੰਦਰ ਸਿੰਘ ਅਰੋੜਾ ਮੈਂਬਰ ਇੰਚਾਰਜ ਅਤੇ ਸਕਿੱਲ ਡਿਵੈਲਪਮੈਂਟ ਸੈਂਟਰ ਦੇ ਕਨਵੀਨਰ ਨਿਯੁਕਤ



ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਡਾ. ਜੋਗਿੰਦਰ ਸਿੰਘ ਅਰੋੜਾ ਸੀ.ਕੇ.ਡੀ ਇੰਸਟੀਚਿਊਟ ਆਫ਼ ਮੈਨੇਜਮੈਂਟ ਆਫ਼ ਟੈਕਨਾਲੋਜੀ ਦੇ ਮੈਂਬਰ ਇੰਚਾਰਜ ਅਤੇ ਸੀ.ਕੇ.ਡੀ ਕਰੀਅਰ ਕਾਉਂਸਲਿੰਗ ਅਤੇ ਸਕਿੱਲ ਡਿਵੈਲਪਮੈਂਟ ਸੈਂਟਰ ਦੇ ਕਨਵੀਨਰ ਨਿਯੁਕਤ ਕੀਤੇ ਗਏ ਹਨ। ਵਿਦਿਅਕ ਸ਼ਾਸਤਰੀ ਡਾ. ਜੋਗਿੰਦਰ ਸਿੰਘ ਅਰੋੜਾ ਖਾਲਸਾ ਕਾਲਜ ਮੋਹਾਲੀ ਦੇ ਪ੍ਰਿੰਸੀਪਲ, ਡੀਨ ਅਤੇ ਹੈਡ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਸੀਨੇਟ ਮੈਂਬਰ ਵੀ ਰਹਿ ਚੁੱਕੇ ਹਨ। ਐਮ.ਕਾਮ, ਐਮ.ਬੀ.ਏ, ਐਮ.ਫਿਲ, ਪੀ.ਐਚ.ਡੀ, ਐਫ.ਸੀ.ਐਮ.ਏ ਅਤੇ ਹੋਰਨਾਂ 8 ਪੋਸਟ ਗਰੈਜੂਏਟ ਡਿਗਰੀਆਂ ਪ੍ਰਾਪਤ ਕਰਨ ਵਾਲੇ ਡਾ. ਅਰੋੜਾ 24 ਕਿਤਾਬਾਂ ਦੇ ਲੇਖਕ ਵੀ ਹਨ ਅਤੇ ਮੋਜੂਦਾ ਸਮੇਂ ਵਿਚ ਚੀਫ਼ ਖ਼ਾਲਸਾ ਦੀਵਾਨ ਐਜੂਕੇਸ਼ਨਲ ਕਮੇਟੀ ਦੇ ਮੈਂਬਰ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ. ਨਿਰਮਲ ਸਿੰਘ, ਆਨਰੇਰੀ ਸਕੱਤਰ ਸ੍ਰ. ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ.ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਡਾ. ਅਰੋੜਾ ਨੂੰ ਨਵੀਆਂ ਜਿੰਮੇਵਾਰੀਆਂ ਸੋਪਦਿਆਂ ਆਸ ਕੀਤੀ ਕਿ ਅਗਾਂਹਵਧੂ ਸੋਚ ਅਤੇ ਉਸਾਰੂ ਪ੍ਰਬੰਧਕ ਨੀਤੀਆਂ ਦੇ ਮਾਹਰ ਡਾ. ਜੋਗਿੰਦਰ ਸਿੰਘ ਅਰੋੜਾ ਦੀ ਨਿਗਰਾਨੀ ਹੇਠ ਸੀ.ਕੇ.ਡੀ ਇੰਸਟੀਚਿਊਟ ਅਤੇ ਕਰੀਅਰ ਕੌਂਸਲਿੰਗ ਅਤੇ ਸਕਿਲ ਡਿਵੈਲਮੈਂਟ ਸੈਂਟਰ ਵਿਕਾਸ ਪੱਖੋਂ ਨਵੀਆਂ ਪੁਲਾਘਾਂ ਪੁੱਟੇਗਾ। ਇਸ ਮੌਕੇ ਪ੍ਰਧਾਨ ਸ੍ਰ. ਨਿਰਮਲ ਸਿੰਘ ਅਤੇ ਆਨਰੇਰੀ ਸਕੱਤਰ ਸ੍ਰ. ਸਵਿੰਦਰ ਸਿੰਘ ਕੱਥੂਨੰਗਲ ਜੋ ਕਿ ਸੀ.ਕੇ.ਡੀ ਇੰਸਟੀਚਿਊਟ ਦੇ ਮੈਂਬਰ ਇੰਚਾਰਜ ਵੀ ਹਨ ਨੇ ਸਾਂਝੇ ਤੌਰ ਤੇ ਕਿਹਾ ਕਿ ਛੇਤੀ ਹੀ ਸੀ.ਕੇ.ਡੀ ਸਕਿੱਲ ਡਿਵੈਲਪਮੈਂਟ ਸੈਂਟਰ ਦੇ ਕੁਸ਼ਲ ਤਜ਼ਰਬੇਕਾਰ ਮਾਹਿਰਾਂ ਵੱਲੋਂ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਵਿਚ ਬੱਚਿਆਂ ਦੀ ਮਾਪਿਆਂ ਸਹਿਤ ਕਰੀਅਰ ਕੌਂਸਲਿੰਗ ਕੀਤੀ ਜਾਵੇਗੀ ਅਤੇ ਸਾਲ 2022 ਵਿਚ ਬੱਚਿਆਂ ਲਈ ਕਰੀਅਰ ਕੌਂਸਲਿੰਗ ਸਬੰਧੀ ਕਿਤਾਬਾਂ ਵੀ ਰਿਲੀਜ਼ ਕੀਤੀਆਂ ਜਾਣਗੀਆਂ ਤਾਂ ਜੋ ਬੱਚਿਆਂ ਨੂੰ ਸਮਾਂ ਰਹਿੰਦੇ ਵਿਦਿਅਕ ਖੇਤਰ ਵਿਚ ਭਵਿੱਖ ਦੀ ਸਹੀ ਦਸ਼ਾ ਤੇ ਦਿਸ਼ਾ ਦਿੱਤੀ ਜਾ ਸਕੇ ਅਤੇ ਉਹ ਆਪਣੀ ਸੁਪਨਿਆਂ ਦੀ ਮੰਜਿਲਾਂ ਤੇ ਨਿਸ਼ਚਿਤ ਸਮੇਂ ਵਿਚ ਸਹਿਜੇ ਹੀ ਪਹੁੰਚ ਸਕਣ। ਉਹਨਾਂ ਨੇ ਕਿਹਾ ਕਿ ਸੀ.ਕੇ.ਡੀ ਸਕਿੱਲ ਡਿਵੈਲਪਮੈਂਟ ਸੈਂਟਰ ਵਿਚ 15 ਨਵੇਂ ਕਿੱਤਾ ਮੁੱਖੀ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ ਅਤੇ ਕਾਲਜ ਵਿਚ ਵੀ ਵਿਦਿਆਰਥੀਆਂ ਦੀ ਪਲੇਸਮੈਂਟ ਨੂੰ ਮੁੱਖ ਰੱਖਕੇ ਹੀ ਕੰਮ ਕੀਤਾ ਜਾਵੇਗਾ। ਨਵ-ਨਿਯੁਕਤ ਮੈਂਬਰ ਇੰਚਾਰਜ ਡਾ.ਜੋਗਿੰਦਰ ਸਿੰਘ ਅਰੋੜਾ ਨੇ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਦਾ ਉਹਨਾਂ ਨੂੰ ਇਹ ਸੇਵਾਵਾਂ ਸੋਂਪਣ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਭਰੋਸਾ ਦਿੰਦਿਆਂ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸੋਪੀਆਂ ਗਈਆਂ ਸੇਵਾਵਾਂ ਨੂੰ ਉਹ ਪੂਰੇ ਤਨ-ਮਨ ਨਾਲ ਨਿਭਾਉਣਗੇ।

# ਦੀਵਾਨ ਵਲੋਂ ਕੌਮ ਪ੍ਰਸਤ ਸ. ਤਰਲੋਚਨ ਸਿੰਘ ਨੂੰ ਪਦਮਭੂਸ਼ਣ ਸਨਮਾਨ ਮਿਲਣ ਦੀ ਵਧਾਈ



ਧਾਰਮਿਕ, ਅਕਾਦਮਿਕ, ਸਮਾਜਿਕ, ਰਾਜਨੀਤਕ ਖੇਤਰ ਵਿਚ ਜਾਣੀ ਪਹਿਚਾਣੀ ਸਨਮਾਨਤ ਸ਼ਖਸੀਅਤ ਸ. ਤਰਲੋਚਨ ਸਿੰਘ ਨੂੰ ਭਾਰਤ ਦੇ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਡ ਵਲੋਂ ਪੱਦਮ ਵਿਭੂਸ਼ਨ ਸਨਮਾਨ ਦੇ ਕੇ ਸਨਮਾਨਤ ਕੀਤਾ ਗਿਆ। ਵਿਸ਼ੇਸ਼ਤਾ ਇਹ ਕਿ ਸ. ਤਰਲੋਚਨ ਸਿੰਘ ਕਿਸੇ ਵੀ ਸਿਆਸੀ ਪਾਰਟੀ ਦੇ ਮੈਂਬਰ ਨਹੀਂ ਹਨ ਪਰ ਫੇਰ ਵੀ ਉਹ ਹਰ ਖੇਤਰ ਵਿਚ ਭਰਪੂਰ ਮਾਨ ਸਨਮਾਨ ਪ੍ਰਾਪਤ ਕਰਦੇ ਹਨ। ਉਹ ਮੁੱਖ ਤੌਰ ਤੇ ਪੰਥ ਪ੍ਰਸਤ ਅਤੇ ਸਿੱਖੀ ਸਿਖਿਆ ਨੂੰ ਸਮਰਪਿਤ ਹਨ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ. ਨਿਰਮਲ ਸਿੰਘ ਅਤੇ ਸਮੂਹ ਅਹੁਦੇਦਾਰਾਂ ਵਲੋਂ ਪਦਮ ਵਿਭੂਸ਼ਣ ਦੇ ਸਨਮਾਨਤ ਸਨਮਾਨ ਪ੍ਰਾਪਤ ਕਰਨ ਲਈ ਦਿਲੀ ਮੁਬਾਰਕਾਂ ਦਿਤੀਆਂ ਗਈਆਂ ਹਨ।

ਵੈਸੇ ਤਾਂ ਸ੍ਰ:ਤਰਲੋਚਨ ਸਿੰਘ ਜੀ ਨੂੰ ਦੇਸ਼ ਵਿਦੇਸ਼ ਦੀਆਂ ਨਾਮਵਰ ਪ੍ਰਸਿੱਧ ਸੰਸਥਾਵਾਂ ਵਲੋਂ ਦਿਤੇ ਗਏ ਮਾਨ ਸਨਮਾਨਾਂ ਦੀ ਲਿਸਟ ਬਹੁਤ ਹੀ ਲੰਬੀ ਹੈ। ਪਰ ਭਾਰਤ ਸਰਕਾਰ ਵਲੋਂ ਆਪ ਜੀ ਨੂੰ 2020-21 ਦਾ ਪਦਮ ਭੂਸ਼ਣ ਸਨਮਾਨ ਦਿਤਾ ਜਾਣਾ ਦਾ ਐਲਾਨ ਫ਼ਖ਼ਰਯੋਗ ਤੇ ਜ਼ਿਕਰਯੋਗ ਹੈ ਜੋ ਦੇਸ਼ ਦੀਆਂ ਉਨ੍ਹਾਂ ਕੁੱਝ ਹਸਤੀਆਂ ਨੂੰ ਪ੍ਰਦਾਨ ਕੀਤਾ ਗਿਆ ਹੈ ਜਿਨ੍ਹਾਂ ਨੇ ਦੇਸ਼ ਤੇ ਕੌਮ ਦੀ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਕ, ਸਾਹਿਤਕ, ਕਲਾ ਖੇਤਰ ਵਿਚ ਵਿਸ਼ੇਸ਼ ਵੱਡਮੁਲਾ ਯੋਗਦਾਨ ਪਾਇਆ ਹੈ।

ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦਾ ਸਾਇਦ ਹੀ ਕੋਈ ਅਜਿਹਾ ਸਮਾਗਮ ਹੋਵੇਗਾ ਜਿਥੇ ਸ੍ਰ:ਤਰਲੋਚਨ ਸਿੰਘ ਵਿਸ਼ੇਸ਼ ਰੂਪ ਸ਼ਾਮਲ ਨ ਹੋਏ ਹੋਣ। ਦੀਵਾਨ ਆਪ ਜੀ ਨੂੰ ਨਿਮੰਤ੍ਰਤ ਕਰਨ ਅਤੇ ਵਿਭਿੰਨ ਰੂਪਾਂ ਵਿਚ ਸਨਮਾਨਤ ਕਰਨ ਸਮੇਂ ਮਾਣ ਮਹਿਸੂਸ ਕਰਦਾ ਰਿਹਾ ਹੈ ਅਤੇ ਕਰਦਾ ਰਹੇਗਾ

ਸ੍ਰ. ਤਰਲੋਚਨ ਸਿੰਘ ਜੀ ਨੇ ਐਮ.ਏ. ਪਾਸ ਕਰਨ ਉਪਰੰਤ, ਜੀਵਨ ਦੀ ਸੁਰੂਆਤ ਕੀਤੀ ਪੰਜਾਬ ਸਿਵਲ ਸਰਵਿਸਜ਼ ਵਿੱਚ ਬਤੌਰ ਪੀ.ਆਰ.ਓ ਭਾਖੜਾ ਡੈਮ ਵਜੋਂ ਅਤੇ ਓਥੇ ਹੀ ਲੇਖ ਲਿਖਣੇ ਆਰੰਭ ਕੀਤੇ ਜੋ ਪੰਜਾਬੀ ਦੇ ਅਖਬਾਰਾਂ ਤੇ ਰਸਾਲਿਆਂ ਵਿਚ ਛਪੇ ਅਤੇ ਬਹੁਤ ਪੰਸਦ ਕੀਤੇ ਗਏ। ਇਸ ਖੇਤਰ ਵਿਚ ਅਜੀਤ ਅਖਬਾਰ ਦੇ ਸ੍ਰ:ਸਾਧੂ ਸਿੰਘ ਹਮਦਰਦ, ਅਕਾਲੀ ਪਤ੍ਰਿਕਾ ਦੇ ਗਿਆਨੀ ਸ਼ਾਦੀ ਸਿੰਘ, ਕੌਮੀ ਏਕਤਾ ਦੇ ਸ੍ਰ:ਰਜਿੰਦਰ ਸਿੰਘ ਭਾਟੀਆ ਨੇ ਇਸ ਦੀ ਹੌਸਲਾ ਅਫ਼ਜਾਈ ਤੇ ਮਦਦ ਕੀਤੀ। ਏਸ਼ੀਆ ਦੀ ਸਭ ਤੋਂ ਵੱਡੀ ਕੋਆਪ੍ਰੇਟਿਵ ਸੰਸਥਾ 'ਮਾਰਕਫੈਡ' ਦਾ ਆਪਨੂੰ ਜੁਆਇੰਟ ਸੈਕਟਰੀ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ। ਏਥੇ ਆਪ ਜੀ ਨੇ 1971 ਵਿਚ ਪਹਿਲਾ ਸਿਖ ਕੈਲੰਡਰ ਪ੍ਰਕਾਸ਼ਤ ਕਰਨ ਦੀ ਪਰੰਪਰਾ ਆਰੰਭ ਕੀਤੀ ਜੋ ਇਤਨੀ ਪ੍ਰਸਿੱਧ ਹੋਈ ਕਿ ਅੱਜ ਹਰੇਕ ਸਿੱਖ ਸੰਸਥਾ ਤੇ ਅਦਾਰਾ ਸਿੱਖੀ ਸਰੋਕਾਰਾਂ ਨਾਲ ਜੁੜੇ, ਕੰਧ ਤੇ ਟੇਬਲ ਕੈਲੰਡਰ ਪ੍ਰਕਾਸ਼ਤ ਕਰਨ ਨੂੰ ਪਹਿਲ ਦਿੰਦਾ ਹੈ ਅਤੇ ਹਰ ਸਿੱਖ ਤੇ ਗੈਰ ਸਿੱਖ ਇਨ੍ਹਾਂ ਸਿੱਖ ਕੈਲੰਡਰਾਂ ਨੂੰ ਘਰਾਂ ਅਤੇ ਕਾਰੋਬਾਰੀ ਸਥਾਨਾਂ ਤੇ ਲਗਾਕੇ/ਰੱਖ ਕੇ ਮਾਣ ਮਹਿਸੂਸ ਕਰਦਾ ਹੈ।

ਸ੍ਰ: ਤਰਲੋਚਨ ਸਿੰਘ ਆਪ ਜੀ ਨੂੰ ਮਾਣ ਪ੍ਰਾਪਤ ਹੈ, 1982 ਵਿਚ ਭਾਰਤ ਦੇ ਰਾਸ਼ਟਰਪਤੀ ਸੁਵਰਗੀ ਗਿਆਨੀ ਜੈਲ ਸਿੰਘ ਦੇ ਪ੍ਰੈਸ ਸਕੱਤਰ ਹੋਣ ਦਾ ਫੇਰ ਦਿਲੀ ਟੂਰਿਜ਼ਮ ਵਿਭਾਗ ਦਾ ਪਹਿਲਾਂ 1987-93 ਤਕ ਮੈਨੇਜਿੰਗ ਡਾਇਰੈਕਟਰ ਉਪਰੰਤ 1997-99 ਤਕ ਇਸਦਾ ਚੇਅਰਮੈਨ ਬਣਨ ਦਾ। ਆਪ ਨੇ ਆਪਣੀਆਂ ਇਹ ਡਿਊਟੀਆਂ ਪੂਰੀ ਤਨਦੇਹੀ, ਇਮਾਨਦਾਰੀ ਤੇ ਸੁਹਿਰਦਤਾ ਨਾਲ ਇਸ ਤਰ੍ਹਾਂ ਨਿਭਾਈਆਂ ਕਿ ਆਪ ਜੀ ਦੀ ਪ੍ਰਤਿਭਾ ਕੌਮੀ ਲੀਡਰਾਂ ਸਾਹਮਣੇ ਉਭਰ ਕੇ ਅਜਿਹੀ ਆਈ ਜਿਸ ਦੇ ਫਲਸਰੂਪ ਪਹਿਲਾਂ ਆਪ ਜੀ ਨੂੰ ਕੌਮੀ ਘਟ ਗਿਣਤੀ ਕਮਿਸ਼ਨ ਦਾ 2000-2003 ਤਕ ਉਪ ਚੇਅਰਮੈਨ ਅਤੇ



ਖ਼ਬਰਨਾਮਾ

ਫੇਰ 2003-2006 ਤਕ ਚੇਅਰਮੈਨ ਨਿਯੁਕਤ ਕੀਤਾ ਗਿਆ। ਇਹ ਪਦਵੀ ਆਮ ਤੌਰ ਤੇ ਦੇਸ਼ ਦੀ ਸਭ ਤੋਂ ਵਧ ਵਸੋਂ ਵਾਲੀ ਘਟ ਗਿਣਤੀ ਨਾਲ ਸੰਬੰਧਤ ਮੁਸਲਮਾਨ ਸ਼ਖ਼ਸੀਅਤ ਨੂੰ ਦਿੱਤੀ ਜਾਂਦੀ ਸੀ। ਇਹ ਪਹਿਲੀ ਵਾਰ ਹੋਇਆ ਕਿ ਸਭ ਤੋਂ ਘਟ ਵਸੋਂ ਵਾਲੀ ਸਿਖ ਕੌਮ ਨਾਲ ਸੰਬੰਧਤ ਪੰਥ ਪ੍ਰਸਤ ਸ੍ਰ:ਤਰਲੋਚਨ ਸਿੰਘ ਜੀ ਨੂੰ ਇਹ ਪਦਵੀ ਪ੍ਰਦਾਨ ਕੀਤੀ ਗਈ। ਏਥੇ ਹੀ ਬਸ ਨਹੀਂ ਆਪ ਜੀ ਨੂੰ ਅਗਸਤ 2004-2010 ਤਕ ਰਾਜ ਸਭਾ ਦੇ ਮੈਂਬਰ ਹੋਣ ਦਾ ਸੁਭਾਗ ਵੀ ਪ੍ਰਾਪਤ ਹੋਇਆ। ਰਾਜ ਸਭਾ ਦਾ ਮੈਂਬਰ ਬਣਨ ਬਾਰੇ ਆਪ ਜੀ ਦਿਲਚਸਪ ਤੱਥ ਦਸਦੇ ਹਨ ਕਿ "ਸਿਖ ਸਮਾਜ" ਨਾਲ ਸੰਬੰਧਤ ਮਸਲਿਆਂ ਨੂੰ ਪਾਰਲੀਮੈਂਟ ਵਿਚ ਪੰਜਾਬ ਦੇ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਠੀਕ ਪ੍ਰਸੰਗ ਵਿਚ ਪੇਸ਼ ਨਹੀਂ ਸਨ ਕਰਦੇ ਜਿਸਦਾ ਮੈਨੂੰ ਬਹੁਤ ਦੁਖ ਹੁੰਦਾ ਇਸ ਲਈ ਮੈਂ ਮਹਿਸੂਸ ਕੀਤਾ ਕਿ ਓਥੇ ਇਕ ਅਜਿਹੇ ਮੈਂਬਰ ਦੀ ਲੋੜ ਹੈ ਜੋ ਬੇਬਾਕੀ ਨਾਲ ਨਿਡਰ ਹੋ ਕੇ ਸੰਬੰਧਤ ਮਸਲੇ ਨੂੰ ਸਾਰਥਿਕ ਰੂਪ ਵਿਚ ਪੇਸ਼ ਕਰਦਿਆਂ ਉਸਦੀ ਅਹਿਮੀਅਤ ਪ੍ਰਗਟ ਕਰੇ। ਅੰਦਰੋਂ ਆਈ ਅਵਾਜ਼ ਕਾਰਨ ਸ੍ਰ:ਤਰਲੋਚਨ ਸਿੰਘ ਨੇ ਆਪਣੇ ਆਪ ਨੂੰ ਇਸ ਯੋਗ ਸਮਝਿਆ ਪਰ ਕਿਸੇ ਵੀ ਸਿਆਸੀ ਪਾਰਟੀ ਦਾ ਮੈਂਬਰ ਨ ਹੋਣ ਕਾਰਨ ਇਹ ਗਲ ਅਸੰਭਵ ਜਾਪੀ ਪਰ ਫੇਰ ਵੀ ਦੋਸਤਾਂ ਮਿਤਰਾਂ ਦੇ ਜੋਰ ਪਾਉਣ ਤੇ ਮੈਂ ਵਿਰੋਧੀ ਧਿਰ ਦੇ ਅਕਾਲੀ ਆਗੂ ਸ੍ਰ:ਪ੍ਰਕਾਸ਼ ਸਿੰਘ ਬਾਦਲ ਨਾਲ ਗਲ ਕੀਤੀ ਪਰ ਉਨ੍ਹਾਂ ਨੇ ਹੁੰਗਾਰਾ ਨ ਭਰਿਆ। ਫੇਰ ਮੈਂ ਹਰਿਆਣੇ ਦੇ ਮੁਖ ਮੰਤਰੀ ਸ੍ਰੀ ਓਮ ਚੌਟਾਲਾ ਨੂੰ ਸ੍ਰ:ਪ੍ਰਕਾਸ਼ ਸਿੰਘ ਬਾਦਲ ਨੂੰ ਸਿਫਾਰਸ਼ ਕਰਨ ਲਈ ਆਖਿਆ ਪਰ ਸ੍ਰ:ਚੌਟਾਲਾ ਨੇ ਸਿਫਾਰਸ਼ ਕਰਨ ਦੀ ਥਾਂ ਹਰਿਆਣੇ ਦੇ ਆਪਣੇ ਕੋਟੇ ਵਿਚੋਂ ਇਕ ਸੀਟ ਮੈਨੂੰ ਦਿੰਦਿਆਂ ਰਾਜ ਸਭਾ ਦਾ ਮੈਂਬਰ ਬਣਾ ਦਿੱਤਾ। ਹਾਲਾਂ ਕਿ ਇਹ ਸੱਚ ਸਾਰੇ ਜਾਣਦੇ ਸਨ ਕਿ ਸ੍ਰ:ਤਰਲੋਚਨ ਸਿੰਘ ਲਈ ਸਿੱਖ ਪੰਥ ਤੇ ਪੰਜਾਬੀਅਤ ਏਥੋਂ ਤੱਕ ਸਰਬੋਤਮ ਹੈ ਕਿ ਇਨ੍ਹਾਂ ਨੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਪੁਜੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਬੋਲਣ ਨਹੀਂ ਦਿੱਤਾ ਅਤੇ ਭਾਰੀ ਸੁਰਖਿਆ ਫੋਰਸ ਦੀ ਮੌਜੂਦਗੀ ਵਿਚ ਮਾਈਕ ਖੋਹ ਲਿਆ। ਪਰ ਫਿਰ ਵੀ ਗੁਰੂ ਦੀ ਬਖ਼ਸ਼ਿਸ਼ ਨਾਲ 2004-2010 ਤਕ ਰਾਜ ਸਭਾ ਦੇ ਮੈਂਬਰ ਬਣਨ ਦਾ ਮਾਣ ਪ੍ਰਾਪਤ ਹੋਇਆ। ਰਾਜ ਸਭਾ ਵਿਚ ਪੁਜ਼ ਕੇ ਆਪ ਜੀ ਮੂਕ ਦਰਸ਼ਕ ਬਣ ਕੇ ਨਹੀਂ ਬੈਠੇ ਸਗੋਂ ਪਹਿਲੀ ਵਾਰ ਪੰਜਾਬੀ ਵਿਚ ਭਾਸ਼ਣ ਦਿੰਦਿਆਂ 1984 ਦੇ ਦੰਗਾ ਪੀੜਤਾਂ ਨੂੰ ਮੁਆਵਜਾ ਦਿਵਾਉਣ, ਸੰਵਿਧਾਨ ਦੀ ਧਾਰਾ 25 ਵਿਚ ਸੋਧ ਕਰਾਉਂਦਿਆਂ ਸਿੱਖਾਂ ਨੂੰ ਵਖਰੀ ਕੌਮ ਦਾ ਦਰਜਾ ਦਵਾਉਣ ਦਾ ਬਿਲ ਪੇਸ਼ ਕਰਨ ਅਤੇ 1908 ਵਿਚ ਪਾਸ ਹੋਏ ਅਨੰਦ ਮੈਰਿਜ ਐਕਟ ਵਿਚੋਂ 'ਸਿੱਖ ਇਕ ਵਖਰੀ ਕੌਮ' ਪਾਸ ਕਰਾਉਂਦਿਆਂ ਵਿਦੇਸ਼ ਜਾਣ ਵਾਲੇ ਸ਼ਾਦੀ ਸੁਦਾ ਸਿੱਖ ਜੋੜਿਆਂ ਨੂੰ ਸੁਤੰਤਰ 'ਮੈਰਿਜ ਐਕਟ' ਤਹਿਤ ਰਜਿਸਟਰ ਹੋ ਕੇ ਸਰਟੀਫਿਕੇਟ ਦਿਵਾਉਣ, ਹਰਿਆਣਾ ਅਤੇ ਦਿਲੀ ਵਿਚ ਪੰਜਾਬੀ ਬੋਲੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਦਿਵਾਉਣ, ਅੰਮ੍ਰਿਤਸਰ ਹਵਾਈ ਅਡੇ ਤੋਂ ਟਰਾਂਟੋ ਤੇ ਵੈਨਕੋਵਰ ਨੂੰ ਸਿਧੀ ਹਵਾਈ ਸੇਵਾ ਸੁਰੂ ਕਰਾਉਣ, ਚੰਡੀਗੜ੍ਹ ਦੇ ਸਥਾਨਕ ਹਵਾਈ ਅਡੇ ਨੂੰ ਅੰਤਰ ਰਾਸ਼ਟਰੀ ਹਵਾਈ ਅਡਾ ਬਣਾਉਣ, ਪਾਰਲੀਮੈਂਟ ਦੇ ਆਂਗਨ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਕਰਾਉਣ ਜਿਸ ਲਈ ਸਮਕਾਲ ਦੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ 25 ਲੱਖ ਰੁਪਏ ਦੀ ਰਾਸ਼ੀ ਵੀ ਦਿੱਤੀ ਆਦਿ ਦੇ ਯਾਦਗਾਰੀ ਕਾਰਜ ਕਰਨ ਦੀ ਨਿਗਰ ਭੂਮਿਕਾ ਨਿਭਾਈ। ਏਸੇ ਤਰ੍ਹਾਂ ਘਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਅਮਰੀਕਾ, ਇੰਗਲੈਂਡ ਤੇ ਯੂ.ਕੇ ਦੀ ਕਾਲੀ ਸੂਚੀ ਵਿਚੋਂ 100 ਸਿੱਖਾਂ ਦੇ ਨਾਮ ਕਟਵਾਏ ਤੇ ਵੀਜ਼ੇ ਦਿਵਾਏ। ਆਪ ਦੇ ਯਤਨਾਂ ਨਾਲ ਭਾਰਤੀ ਫੌਜ਼ ਦਾ ਸਰਬੋਤਮ ਅਹੁਦਾ ਏਅਰ ਫੋਰਸ ਵਿਚ ਜੀਵਨ ਭਰ ਲਈ ਏਅਰ ਚੀਫ਼ ਮਾਰਸ਼ਲ ਸ੍ਰ:ਅਰਜਨ ਸਿੰਘ ਨੂੰ 'ਮਾਰਸ਼ਲ ਆਫ਼ ਏਅਰ ਫੋਰਸ' ਦਾ ਦਿਵਾਇਆ ਅਤੇ ਏਸੇ ਤਰ੍ਹਾਂ ਬਤੌਰ ਚੇਅਰਮੈਨ ਘਟ ਗਿਣਤੀ ਕਮਿਸ਼ਨ ਵਜੋਂ ਦਖਲ ਦੇ ਕੇ ਪਹਿਲੀ ਵਾਰ ਜਰਨਲ ਜੇ.ਜੇ ਸਿੰਘ ਨੂੰ ਭਾਰਤੀ ਫੌਜ਼ ਦਾ ਮੁਖੀ ਬਣਵਾਇਆ। ਏਥੇ ਹੀ ਬਸ ਨਹੀਂ ਕਿ 2019 ਵਿਚ ਮਨਾਏ ਗਏ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਸਾਲ ਦੇ ਪ੍ਰਕਾਸ਼ ਪੁਰਬ ਸਮੇਂ ਏਅਰ ਇੰਡੀਆ ਦੇ ਜਹਾਜਾਂ ਉਪਰ 'ੴ' ਦਾ ਲੋਗੋ ਲੁਆਉਣ ਦਾ ਕੇਂਦਰੀ ਹਵਾਬਾਜੀ ਮੰਤਰੀ ਸ੍ਰ:ਹਰਦੀਪ ਸਿੰਘ ਪੁਰੀ ਨੂੰ ਸੁਝਾਅ ਵੀ ਸ੍ਰ:ਤਰਲੋਚਨ ਸਿੰਘ ਨੇ ਹੀ ਦਿੱਤਾ।

ਪੇਚੀਦਾ ਮਸਲਿਆਂ ਦਾ ਸਮਾਧਾਨ ਕਿਵੇਂ ਕੀਤਾ ਜਾ ਸਕਦਾ ਹੈ ਇਸਦੀ ਕੁੰਜੀ ਸ੍ਰ:ਤਰਲੋਚਨ ਸਿੰਘ ਕੋਲ ਹੈ। ਏਥੇ ਮੈਂ ਇਕ ਮਿਸਾਲ ਦੇਣੀ ਚਾਹਾਂਗਾ। ਪੰਜਾਬ ਵਿਚ ਮੋਗਾ ਕਾਂਡ ਨਾਲ ਜੁੜੇ ਵਿਦਿਆਰਥੀ ਅੰਦੋਲਨ ਦੀ ਅਜੋਕੇ ਕਿਸਾਨੀ ਅੰਦੋਲਨ ਵਾਂਗ ਉਸ ਸਮੇਂ ਵੀ ਦੋਵੇਂ ਧਿਰਾਂ ਆਪੋ ਆਪਣੀ ਥਾਂ ਅੜੀਆਂ ਹੋਈਆਂ ਸਨ। ਵਿਦਿਆਰਥੀ ਰੂਪੋਸ਼ ਸਨ ਅਤੇ ਕਿਸੇ ਨਾਲ ਗਲ ਕਰਨ ਲਈ ਤਿਆਰ ਨਹੀਂ ਸਨ। ਸ੍ਰ:ਤਰਲੋਚਨ ਸਿੰਘ ਜੀ ਨੂੰ ਫ਼ਰੀਦਕੋਟ ਜ਼ਿਲੇ ਦਾ ਲੋਕ ਸੰਪਰਕ ਅਧਿਕਾਰੀ ਬਣਾ ਕੇ ਭੇਜਿਆ ਗਿਆ ਸੀ ਅਤੇ ਵਿਦਿਆਰਥੀਆਂ ਨਾਲ ਸੰਪਰਕ ਕਰਨ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ। ਸ੍ਰ:ਤਰਲੋਚਨ ਸਿੰਘ ਨੇ ਮੋਗੇ ਦੇ ਇਕ ਕਾਂਗਰਸੀ ਮਿਤਰ ਰਾਹੀਂ ਖੇਤਾਂ ਵਿਚ ਇਕ ਖੂਹ ਤੇ ਵਿਦਿਆਰਥੀਆਂ ਨਾਲ ਆਪਣੇ ਮਿਲਾਪੜੇ ਸੁਭਾਅ ਅਨੁਸਾਰ ਗਲਬਾਤ ਕੀਤੀ ਤਾਂ ਵਿਦਿਆਰਥੀਆਂ ਨੇ ਅੰਦੋਲਨ ਖ਼ਤਮ ਕਰਨ ਲਈ ਦੋ ਮੁਖ ਮੰਗਾਂ ਰਖੀਆਂ। ਪਹਿਲੀ ਫ਼ਰੀਦਕੋਟ ਦੇ ਐਸ.ਐਸ.ਪੀ ਅਤੇ ਡੀ.ਸੀ ਦਾ ਤਬਾਦਲਾ ਤੇ ਦੂਜੀ ਬਗੈਰ ਕਿਸੇ ਵਿਚੋਲੇ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਨਾਲ ਸਿਧੀ ਗਲਬਾਤ। ਸ੍ਰ:ਤਰਲੋਚਨ ਸਿੰਘ ਨੇ ਦੋਵੇਂ ਗਲਾਂ ਚੰਡੀਗੜ੍ਹ ਆ ਕੇ ਗਿਆਨੀ ਜੀ ਨੂੰ ਦਸੀਆਂ ਅਤੇ ਗਿਆਨੀ ਜੀ ਨੇ ਉਸੇ ਵਕਤ ਐਸ.ਐਸ.ਪੀ ਅਤੇ ਡੀ.ਸੀ ਦੇ ਤਬਾਦਲੇ ਦੇ ਹੁਕਮ ਜਾਰੀ ਕਰ ਦਿੱਤੇ ਉਪਰੰਤ ਗਿਆਨੀ ਜੀ ਖ਼ੁਦ ਜਗਾਰਾਵਾਂ ਆ ਕੇ ਗੈਸਟ ਹਾਊਸ ਵਿਚ ਵਿਦਿਆਰਥੀ ਲੀਡਰਾਂ ਨੂੰ ਮਿਲੇ। ਇਸ ਮੁਲਾਕਾਤ ਉਪਰੰਤ ਚੰਡੀਗੜ੍ਹ ਆ ਕੇ ਵਿਦਿਆਰਥੀਆਂ ਨੇ ਅੰਦੋਲਨ ਖਤਮ ਕਰਨ ਅਤੇ ਸਰਕਾਰ ਨੇ ਪ੍ਰੈਸ ਕਾਨਫਰੰਸ ਕਰਕੇ ਵਿਦਿਆਰਥੀਆਂ ਦੀਆਂ ਮੰਗਾਂ ਪ੍ਰਵਾਨ ਕਰਨ ਦਾ ਐਲਾਨ ਕਰ ਦਿੱਤਾ।

ਚਾਰ ਪੁਸਤਕਾਂ, 1. ਨੇੜਿਓਂ ਤੱਕਿਆ ਇਤਿਹਾਸ 2. ਸਾਜਨ ਦੇਸ਼ ਵਿਦੇਸ਼ੀਅੜੇ 3. ਸਿੱਖੀ ਸੋਚ ਦੇ ਪਹਿਰੇਦਾਰ 4. ਸਿੱਖ ਸਮਾਜ ਦੇ ਮਸਲੇ ਅਤੇ ਦੇਸ਼ ਵਿਦੇਸ਼ ਦੇ ਪ੍ਰਸਿੱਧ ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ ਅਖਬਾਰਾਂ ਵਿਚ ਪ੍ਰਕਾਸ਼ਤ ਅਣਗਿਣਤ ਚਲੰਤ ਮਾਮਲਿਆਂ ਬਾਰੇ ਲੇਖ ਅਤੇ ਬੇਬਾਕ ਹੋ ਕੇ ਦਿੱਤੇ ਪ੍ਰਸੰਗਕ ਲੈਕਚਰਾਂ ਕਾਰਨ ਆਪ ਦਾ ਵਿਸ਼ਾਲ ਗਿਆਨ ਭੰਡਾਰ ਆਪ ਜੀ ਦੀ ਕਾਬਲੀਅਤ ਨੂੰ ਬੁਲੰਦੀਆਂ ਤੇ ਪਹੁੰਚਾਉਂਦਾ ਹੈ। ਬੇਸ਼ਕ ਆਪ ਜੀ ਅਜ਼ਾਦ ਸ਼ਖ਼ਸੀਅਤ ਦੇ ਮਾਲਕ ਹਨ ਪਰ ਫੇਰ ਵੀ ਹਰ ਪਾਰਟੀ ਦਾ ਸਿਆਸਦਾਨ ਆਪ ਜੀ ਦੀ ਲਿਆਕਤ ਅਤੇ ਸਾਫਗੋਈ ਦੀ ਕਦਰ ਕਰਦਿਆਂ ਆਪ ਜੀ ਦੇ ਇਸ਼ਾਰੇ ਦੀ ਉਡੀਕ ਵਿਚ ਹੁੰਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਪੇਚੀਦਾ ਵਿਦਿਆਰਥੀ ਅੰਦੋਲਨ ਸੁਲਝਾਉਣ ਵਾਲੇ ਹਰ ਸਮਸਿਆ ਦੇ ਸਮਾਧਾਨ ਦਾ ਨੁਸਖਾ ਸ੍ਰ:ਤਰਲੋਚਨ ਸਿੰਘ ਪਾਸ ਹੁੰਦਾ ਹੈ। ਆਪ ਜੀ ਦੇ ਇਹਨਾਂ ਗੁਣਾਂ ਸਨਮੁੱਖ ਹੀ ਭਾਰਤ ਸਰਕਾਰ ਨੇ ਆਪ ਜੀ ਨੂੰ 'ਪਦਮ ਭੂਸ਼ਣ' ਸਨਮਾਨ ਨਾਲ ਨਿਵਾਜਿਆ ਹੈ। ਹਾਲਾਂ ਕਿ ਆਪ ਜੀ ਸਿਕੇਬੰਦ ਪੰਥ ਪ੍ਰਸਤ ਹਨ ਅਤੇ ਸਿੱਖੀ ਪ੍ਰਤੀ ਆਪ ਜੀ ਦੀ ਪ੍ਰਤੀਬੱਧਤਾ, ਸਮਰਪਤਤਾ, ਸੁਹਿਰਦਤਾ ਜੱਗ ਜਾਹਰ ਹੈ।

ਸ੍ਰ:ਤਰਲੋਚਨ ਸਿੰਘ ਜੀ ਨੂੰ ਪ੍ਰਾਪਤ ਵਿਸ਼ੇਸ਼ ਸਨਮਾਨਾਂ ਦੀ ਗਿਣਤੀ ਅਥਾਹ ਹੈ। ਪਰੰਤੂ 'ਪਦਮ ਭੂਸਣ' ਦਾ ਇਹ ਸਨਮਾਨ ਸਮੁੱਚੀ ਕੌਮ ਦਾ ਸਨਮਾਨ ਹੈ ਜਿਸ ਲਈ ਸਮੁੱਚੀ ਕੌਮ ਵਲੋਂ ਆਪ ਜੀ ਵਧਾਈ ਪ੍ਰਾਪਤ ਕਰਨ ਦੇ ਹੱਕਦਾਰ ਹਨ।

Postal No. L-I/PB-ASR/0220/2019-2021

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਬੰਦੀਛੋੜ ਦਿਵਸ ਦੀਆਂ ਰੌਣਕਾਂ



Regd-RNI-64/57    ISSN - 2454-6488
ਪ੍ਰਕਾਸ਼ਕ ਤੇ ਛਾਪਕ ਸ. ਭਾਗ ਸਿੰਘ ਅਣਖੀ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-11-2021 ਨੂੰ ਜਾਰੀ ਕੀਤਾ ।